
RNI Registration No: PUNPUN/2015/61118

SO KAHIYAT HAI SOORA (MONTHLY)
Volume 10 Issue 03
March 2024, S.A.S. Nagar (Mohali)

ਮਾਰਚ 2024
ਫੱਗਣ-ਚੇਤ
੫੫੬ ਨਾਨਕਸ਼ਾਹੀ

# ਸੋ ਕਹੀਅਤ ਹੈ ਸੂਰਾ



## ਗੁਰਦੁਆਰਿਆਂ ਦੀ ਯਾਤਰਾ ਕਿਉਂ ਕਰਨੀ ਚਾਹੀਦੀ ਹੈ ?

ਹੁਣ ਤੁਸੀਂ 'ਸੋ ਕਹੀਅਤ ਹੈ ਸੂਰਾ' ਲਈ ਚੰਦਾ ਅਤੇ ਮਾਇਕ ਸਹਾਇਤਾ ਬੈਂਕ ਜ਼ਰੀਏ ਵੀ ਭੇਜ ਸਕਦੇ ਹੋ।

ਬੈਂਕ ਅਕਾਊਂਟ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| | |
|---|---|
| Name of Account: | SO KAHIYAT HAI SOORA |
| Name of Bank: | Bank of Baroda |
| Branch: | Sector 59, Mohali. (Punjab) |
| Account No: | 36770200000150 |
| Swift Code: | BARBINBBCHD |
| IFSC Code: | BARB0SECMOH |

## ਚੰਦੇ ਪ੍ਰਤੀ ਬੇਨਤੀ

'ਸੋ ਕਹੀਅਤ ਹੈ ਸੂਰਾ' ਦੇ ਪਾਠਕ ਜਨਾਂ ਅਤੇ ਸਮੁੱਚੀਆਂ ਸੰਗਤਾਂ/ ਸਹਿਯੋਗੀਆਂ ਦੇ ਅਸੀਂ ਧੰਨਵਾਦੀ ਹਾਂ, ਜਿਨ੍ਹਾਂ ਦੇ ਸਹਿਯੋਗ ਨਾਲ ਤੁਹਾਡਾ ਆਪਣਾ ਗੁਰਮਤਿ ਮਾਸਿਕ ਪੱਤਰ ਸਫ਼ਲਤਾ ਦੇ ਨਾਲ ਚੱਲ ਰਿਹਾ ਹੈ। ਪਾਠਕ ਜਨਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਦੇ ਸਾਲਾਨਾ ਚੰਦੇ ਖ਼ਤਮ ਹੋ ਗਏ ਹਨ, ਕਿਰਪਾ ਕਰਕੇ ਸਾਲਾਨਾ ਸਮਾਗਮਾਂ ਮੌਕੇ ਜਾਂ ਆਪਣੇ ਨੇੜਲੇ ਸਾਡੇ ਪ੍ਰਤੀਨਿਧ/ ਸਾਡੇ ਮੁੱਖ ਦਫ਼ਤਰ ਵਿਚ/ ਬੈਂਕ ਖ਼ਾਤੇ ਵਿਚ ਚੰਦਿਆਂ ਦੀ ਮਾਇਆ ਭੇਜਣ ਦੀ ਕਿਰਪਾਲਤਾ ਕਰਨੀ। ਇਸ ਦੇ ਨਾਲ ਹੀ ਬੈਂਕ ਅਕਾਊਂਟ 'ਚ ਜੇਕਰ ਆਪ ਚੰਦਿਆਂ ਦੀ ਮਾਇਆ ਭੇਜਦੇ ਹੋ ਤਾਂ ਇਸ ਤੋਂ ਬਾਅਦ ਫ਼ੋਨ ਨੰਬਰ : 93577-23874 'ਤੇ ਫ਼ੋਨ ਕਰਕੇ ਸੂਚਿਤ ਕਰਨ ਦੀ ਵੀ ਕ੍ਰਿਪਾਲਤਾ ਕਰਨੀ ਜੀ।

'ਸੋ ਕਹੀਅਤ ਹੈ ਸੂਰਾ' ਨਾਲ ਸੰਬੰਧਤ ਕਿਸੇ ਵੀ ਸ਼ਿਕਾਇਤ ਜਾਂ ਸੁਝਾਅ ਨੂੰ ਤੁਸੀਂ ਸਾਡੇ ਵਟਸਐਪ ਨੰਬਰ : +91-93577-23874 'ਤੇ ਭੇਜ ਸਕਦੇ ਹੋ।

**See Online Edition :**

**www.akjmagazine.com**

**www.facebook.com/skhsoora**

ਹੁਣ 'ਸੋ ਕਹੀਅਤ ਹੈ ਸੂਰਾ' ਤੁਸੀਂ ਅਖੰਡ ਕੀਰਤਨੀ ਜਥੇ ਦੀ ਅਧਿਕਾਰਤ ਵੈੱਬਸਾਈਟ www.akj.org 'ਤੇ ਵੀ ਪੜ੍ਹ ਸਕਦੇ ਹੋ।




## ਗੁਰੂ ਦੁਆਰੇ ਅਸਥਾਨਾਂ ਅਗੇ ਸੀਸ ਨਿਵਾਉਣਾ

ਅੱਜ ਕਲ੍ਹ ਦੇ ਪੱਛਮੀ ਵਿਦਿਆ (ਅਵਿਦਿਆ) ਦੇ ਪੜ੍ਹਾਕੂ ਨਾਮ-ਧਰੀਕ ਸਿੱਖਾਂ ਨੇ ਗੁਰੂ ਦੁਆਰੇ ਅਸਥਾਨਾਂ ਅਗੇ ਸੀਸ ਨਿਵਾਉਣਾ ਅਤੇ ਮਸਤਕ ਟੇਕ ਕੇ ਚਰਨ ਧੂੜਿ ਲਾਉਣਾ ਆਪਣੇ ਮਨ ਦੇ ਮਤੇ ਮੂਜਬ ਹੀ ਮਨਮਤਿ ਸਮਝ ਰਖਿਆ ਹੈ। ਅਜਿਹੇ ਚੰਚਲ-ਮਤੀ ਪੁਰਸ਼ ਜਦੋਂ ਭੀ ਕਿਸੇ ਸਿੰਘ ਬਿਬੇਕੀ ਨੂੰ ਐਸਾ ਕਰਦਾ ਦੇਖਦੇ ਸੁਣਦੇ ਹਨ ਤਾਂ ਕੁਤਰਕ ਟਿੱਚਰਾਂ ਕਰਦੇ ਹਨ। ਓਹਨਾਂ ਨੂੰ ਆਪਣੇ ਹੀ ਅਗਿਆਨ ਅਤੇ ਗੁਰਮਤਿ-ਹੀਣਤਾ ਦਾ ਪਤਾ ਨਹੀਂ ਹੁੰਦਾ। ਏਸ ਗੁਰਮਤਿ-ਹੀਣ ਅਗਿਆਨ ਦੇ ਅਧੀਨ ਹੋਏ ਹੋਏ ਓਹ ਗੁਰਮਤਿ ਦੇ ਗੂੜ੍ਹ ਆਸ਼ੇ ਅਤੇ ਉਚ ਕਮਾਈਆਂ ਤੋਂ ਊਰੇ ਹੀ ਰਹਿ ਜਾਂਦੇ ਹਨ। ਬਿਬੇਕੀ ਗੁਰਮੁਖ ਜਨਾਂ ਦੇ ਸਨਮੁਖ ਗੁਰੂ ਕੇ ਹੁਕਮਾਂ ਦਾ ਪਾਲਣਾ ਕਮਾਉਣਾ ਹੁੰਦਾ ਹੈ। ਓਹਨਾਂ ਹੁਕਮਾਂ ਦੀ ਕਮਾਈ ਫੇਰ ਉਕਤ ਬਿਬੇਕੀਆਂ ਦੀ ਆਤਮ-ਦ੍ਰਿਸ਼ਟ-ਬਿਰਤੀ ਨੂੰ ਏਵਡ ਦਿੱਬ ਅਤੇ ਉੱਚੀ ਕਰ ਦਿੰਦੀ ਹੈ ਕਿ ਜਿਉਂ ਜਿਉਂ ਓਹ ਗੁਰ-ਅਸਥਾਨਾਂ ਉਪਰ ਦੀ ਨਿਛਾਵਰ ਹੁੰਦੇ ਹਨ; ਜਿਉਂ ਜਿਉਂ ਗੁਰ-ਅਸਥਾਨਾਂ ਅਗੋਚਰ ਮਸਤਕ ਨਿਵਾਂਵਦੇ ਅਤੇ ਪ੍ਰਣਾਮ ਬੰਦਨਾ ਕਰਿ ਕਰਿ ਪ੍ਰਕਰਮਾ ਲੈਂਦੇ ਹਨ, ਤਿਉਂ ਤਿਉਂ ਓਹਨਾਂ ਨੂੰ ਪਰਤੱਖ ਗੁਰੂ ਕੀ ਜਾਗਤ ਜੋਤਿ ਦੇ ਕਉਤਕ ਕਟਾਕਸ਼ੀ ਚਮਤਕਾਰੇ ਦਿਦਾਰੇ ਦਰਸਾਰੇ ਹੁੰਦੇ ਹਨ, ਅਤੇ ਜਿਉਂ ਜਿਉਂ ਇਹ ਕਉਤਕ-ਵਰਤਾਰੇ ਅੰਦਰ ਆ ਕੇ ਵਰਤਦੇ ਹਨ ਤਿਉਂ ਤਿਉਂ ਉਕਤ ਅਦਬ ਸਨਮਾਨ ਦੇ ਨਿਛਾਵਰੀ ਤਰੀਕਿਆਂ ਭੈ-ਭਾਵਨੀਆਂ ਦੀਆਂ ਗੁਰਮਤਿ ਰਹੁ-ਰੀਤਾਂ ਉਤੇ ਘੋਲੇ ਵਾਰਨੇ ਵੰਞਣ ਨੂੰ ਹੋਰ ਭੀ ਸ਼ਰਧਾ-ਭਾਵਨੀਆਂ ਦੀਆਂ ਤ੍ਰੰਗਾਂ ਉਠਦੀਆਂ ਹਨ।

# SO KAHIYAT HAI SOORA

(Monthly)

**RNI NO: PUNPUN/2015/61118**

Volume 10 Issue 03



### ਸਰਪ੍ਰਸਤ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਨਿਰਮਲ ਪੰਥ ਦੀ ਗੁਰਮਤਿ ਵਿਚਾਰਧਾਰਾ।

### ਕਾਰਜਕਾਰੀ ਸੰਪਾਦਕ

ਭਾਈ ਮਨਵੀਰ ਸਿੰਘ

### ਕਾਨੂੰਨੀ ਸਲਾਹਕਾਰ

ਐਡਵੋਕੇਟ ਭਾਈ ਅਮਰਜੀਤ ਸਿੰਘ ਅੰਮ੍ਰਿਤਸਰ

### ਸਲਾਹਕਾਰ ਬੋਰਡ

ਭਾਈ ਹਰਦਿਆਲ ਸਿੰਘ ਗੁਰਦਾਸਪੁਰ,
ਭਾਈ ਭੁਪਿੰਦਰ ਸਿੰਘ ਅੰਮ੍ਰਿਤਸਰ,
ਭਾਈ ਹਰਮੋਹਿੰਦਰਪਾਲ ਸਿੰਘ ਮੋਹਾਲੀ,
ਭਾਈ ਇੰਦਰਜੀਤ ਸਿੰਘ ਵੈਨਕੂਵਰ।


# ਸੰਪਾਦਕੀ

## ਜਾਨਤ ਹੀ ਅਉਗਨੁ ਕਰੈ...

ਇਰਾਨ 'ਚ ਸੂਫ਼ੀ ਸੰਤ ਹਜ਼ਰਤ ਮਨਸੂਰ ਨੂੰ ਕੱਟੜਪੰਥੀ ਸ਼ਰ੍ਹੀਅਤ ਵਾਲਿਆਂ ਨੇ ਜਦੋਂ ਸੂਲੀ 'ਤੇ ਚੜ੍ਹਾਉਣ ਤੋਂ ਪਹਿਲਾਂ ਜ਼ੰਜੀਰਾਂ 'ਚ ਜਕੜ ਕੇ ਬਗਦਾਦ ਦੇ ਦਰਿਆ ਟਿਗਰੀ ਦੇ ਪੁਲ 'ਤੇ ਲਿਆਂਦਾ ਤਾਂ, ਸਾਰੇ ਸ਼ਹਿਰ ਨੂੰ ਹੁਕਮ ਹੋਇਆ ਕਿ ਮਨਸੂਰ ਦੇ ਪੱਥਰ ਮਾਰੇ ਜਾਣ। ਮਜਬੂਰੀ-ਵੱਸ ਸਾਰਿਆਂ ਨੇ ਮਨਸੂਰ ਨੂੰ ਪੱਥਰ ਮਾਰੇ। ਜਦੋਂ ਪੱਥਰ ਮਾਰਨ ਲਈ ਮਨਸੂਰ ਦੇ ਗੁਰ-ਭਾਈ, 'ਹਜ਼ਰਤ ਅਬੂ ਬਕਰ ਸਿਬਲੀ' ਦੀ ਵਾਰੀ ਆਈ ਤਾਂ ਉਹ ਬੜਾ ਦੁਚਿੱਤੀ 'ਚ ਪੈ ਗਿਆ, ਕਿਉਂਕਿ ਉਹ ਮਨਸੂਰ ਦੀ ਰੂਹਾਨੀ ਅਵਸਥਾ ਤੋਂ ਵੀ ਜਾਣੂ ਸੀ ਤੇ ਸ਼ਰ੍ਹੀਅਤ ਦੀ ਨਾ-ਇਨਸਾਫ਼ੀ ਦਾ ਵੀ ਉਸ ਨੂੰ ਅਹਿਸਾਸ ਸੀ। ਇਕ ਪਾਸੇ ਉਸ ਨੂੰ ਰੱਬ ਦੇ ਪਿਆਰ ਵਿਚ ਪਹੁੰਚੀ ਹੋਈ ਅਵਸਥਾ 'ਮੁਕਾਮ-ਏ-ਵਹਾਦਤ' ਵਾਲਾ ਮਨਸੂਰ ਵਿਖਾਈ ਦੇ ਰਿਹਾ ਸੀ, ਦੂਜੇ ਪਾਸੇ ਪੱਥਰ ਨਾ ਮਾਰੇ ਜਾਣ 'ਤੇ ਸ਼ਰ੍ਹੀਅਤ ਵਲੋਂ ਆਪਣੇ ਖ਼ਿਲਾਫ਼ ਹੋਣ ਵਾਲੇ ਫ਼ਤਵੇ ਦਾ ਡਰ ਸੀ। ਸਿਬਲੀ ਨੇ ਇਕ ਵਿਚਲਾ ਹੱਲ ਲੱਭ ਲਿਆ ਤੇ ਉਸ ਨੇ ਪੱਥਰ ਮਾਰਨ ਦੀ ਥਾਂ ਫੁੱਲ ਮਾਰ ਦਿੱਤਾ, ਤਾਂ ਜੋ ਆਪਣੇ ਗੁਰ-ਭਾਈ ਅਤੇ ਰੱਬੀ ਫ਼ਕੀਰ ਮਨਸੂਰ ਨੂੰ ਪੱਥਰ ਮਾਰਨ ਦੇ 'ਅੱਲ੍ਹਾ ਦੀ ਦਰਗਾਹ' ਵਿਚ ਗਿਣੇ ਜਾਣ ਵਾਲੇ ਗੁਨਾਹ ਤੋਂ ਬਚ ਜਾਵੇ ਅਤੇ ਨਾਲ ਹੀ ਸ਼ਰ੍ਹੀਅਤ ਵਾਲਿਆਂ ਦੇ ਜਬਰ ਤੋਂ ਵੀ ਬਚਿਆ ਰਹੇ। ਜਦੋਂ ਸਿਬਲੀ ਨੇ ਮਨਸੂਰ ਦੇ ਫੁੱਲ ਮਾਰਿਆ ਤਾਂ ਮਨਸੂਰ ਨੇ ਪੀੜ ਨਾਲ ਦੁਹਾਈ ਪਾਉਣੀ ਸ਼ੁਰੂ ਕਰ ਦਿੱਤੀ। ਸਿਬਲੀ ਬੜਾ ਹੈਰਾਨ ਤੇ ਪ੍ਰੇਸ਼ਾਨ ਹੋਇਆ ਕਿ, ਜਿਸ ਮਨਸੂਰ ਨੇ ਆਪਣੇ ਸਰੀਰ 'ਤੇ ਲੋਕਾਂ ਵਲੋਂ ਪੱਥਰ ਮਾਰੇ ਜਾਣ 'ਤੇ ਸੀਅ ਤੱਕ ਨਹੀਂ ਕੀਤੀ, ਉਸ ਨੂੰ ਉਸ ਵਲੋਂ ਫੁੱਲ ਮਾਰੇ ਜਾਣ ਨਾਲ ਕਿਉਂ ਪੀੜ ਹੋਈ ? ਰੱਬੀ ਫ਼ਕੀਰ ਮਨਸੂਰ ਅੰਤਰ-ਆਤਮੇ ਸਿਬਲੀ ਦੀ ਉਤਸੁਕਤਾ ਸਮਝਦਿਆਂ ਆਖਣ ਲੱਗਾ, 'ਸਿਬਲੀ ਬਾਕੀ ਲੋਕ ਤਾਂ ਨਾਸਮਝ ਤੇ ਅਨਜਾਣ ਹਨ, ਉਨ੍ਹਾਂ ਦੇ ਮਾਰੇ ਪੱਥਰਾਂ ਦੀ ਮੇਰੀ ਆਤਮਾ ਨੂੰ ਇਸ ਕਰਕੇ ਕੋਈ ਪੀੜ ਮਹਿਸੂਸ ਨਹੀਂ ਹੋਈ, ਪਰ ਤੂੰ ਤਾਂ ਖ਼ੁਦ ਵੀ ਅੱਲ੍ਹਾ ਦਾ ਸੱਚਾ ਇਬਾਦਤਕਾਰ ਹੈ ਅਤੇ ਮੇਰੀ ਅਵਸਥਾ ਤੋਂ ਚੰਗੀ ਤਰ੍ਹਾਂ ਜਾਣੂ ਹੈ ਪਰ ਤੂੰ ਵੀ ਸ਼ਰ੍ਹਾ ਵਾਲਿਆਂ ਤੋਂ ਡਰ ਗਿਆ, ਇਸ ਕਰਕੇ ਤੇਰੇ ਵਲੋਂ ਮਾਰਿਆ ਗਿਆ ਫੁੱਲ ਵੀ ਮੇਰੀ ਆਤਮਾ ਨੂੰ ਤੜਫ਼ਾ ਗਿਆ ਹੈ।'

ਜਦੋਂ ਧਰਮ ਦੀਆਂ ਉੱਚੀਆਂ ਪਦਵੀਆਂ 'ਤੇ ਬੈਠੇ ਗੈਰ-ਧਾਰਮਿਕ, ਸਿਧਾਂਤ-ਹੀਣੇ ਅਤੇ ਧਰਮ ਫ਼ਲਸਫ਼ੇ ਤੋਂ ਕੋਰੇ ਸਰਬਰਾਹ ਕਿਸੇ ਦੁਨਿਆਵੀ ਸੱਤਾ ਦੇ ਦਬਾਅ ਅਧੀਨ ਗਲਤ ਫ਼ੈਸਲੇ ਲੈਂਦੇ ਹਨ ਤਾਂ ਉਸ ਦਾ ਸੱਚੇ ਧਰਮੀ ਲੋਕਾਂ ਨੂੰ ਏਨਾ ਦੁੱਖ ਨਹੀਂ ਲੱਗਦਾ, ਜਿੰਨਾ ਕਿ ਧਰਮੀ, ਗੁਣੀ-ਗਿਆਨੀ, ਅਨੁਭਵੀ, ਸਿਧਾਂਤਾਂ ਤੇ ਫ਼ਲਸਫ਼ੇ ਨੂੰ ਸਮਝਣ ਵਾਲੇ ਕਿਸੇ ਸਰਬਰਾਹ ਵਲੋਂ ਕਿਸੇ ਦੁਨਿਆਵੀ ਸੱਤਾ ਦੇ ਦਬਾਅ ਹੇਠ ਮਜਬੂਰਨ ਅਜਿਹਾ ਫ਼ੈਸਲਾ ਕਰਨ ਨਾਲ ਧਰਮੀ ਬੰਦੇ ਦਾ ਮਨ ਦੁਖੀ ਹੁੰਦਾ ਹੈ। ਰੱਬੀ ਰਹੱਸ ਅਤੇ ਠੀਕ-ਗਲਤ ਵਿਚਲੇ ਫ਼ਰਕ ਨੂੰ ਜਾਣਦਿਆਂ ਵੀ ਗਲਤੀਆਂ ਕਰਨ ਵਾਲੇ ਇਨਸਾਨ ਬਾਬਤ ਗੁਰਬਾਣੀ ਦਾ ਵੀ ਪਾਵਨ ਮਹਾਂਵਾਕ ਹੈ: ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥ (ਅੰਕ: ੧੩੭੬)

### ਬੇਨਤੀ

ਹਥਲਾ ਮਾਸਿਕ ਪੱਤਰ ਨਿਰੋਲ ਗੁਰਮਤਿ ਸਾਹਿਤਕ ਪਰਚਾ ਹੈ ਅਤੇ ਇਸ ਵਿਚ ਗੁਰਬਾਣੀ ਦੀਆਂ ਅਨੇਕਾਂ ਤੁਕਾਂ ਲਿਖੀਆਂ ਹੋਈਆਂ ਹਨ ਕ੍ਰਿਪਾ ਕਰਕੇ ਇਸ ਨੂੰ ਪੂਰਨ ਸਤਿਕਾਰ ਸਹਿਤ ਰੱਖਿਆ ਜਾਵੇ ਅਤੇ ਰੱਦੀ ਵਿਚ ਨਾ ਵੇਚਿਆ ਜਾਵੇ ਜੀ।

### ਚੰਦਾ

**ਭਾਰਤ :** ਸਾਲਾਨਾ 200 ਰੁਪਏ, ਤਿੰਨ ਸਾਲ 500 ਰੁਪਏ, ਪੰਜ ਸਾਲ 800 ਰੁਪਏ, ਉਮਰ ਭਰ ਲਈ 2000 ਰੁਪਏ

**ਵਿਦੇਸ਼ਾਂ ਲਈ :** ਸਾਲਾਨਾ 2000 ਰੁਪਏ, ਉਮਰ ਭਰ ਲਈ 15,000 ਰੁਪਏ

ਚੰਦੇ ਆਪਣੇ ਨੇੜਲੇ ਸਾਡੇ ਪ੍ਰਤੀਨਿੱਧ ਜਾਂ ਸਾਡੇ ਮੁੱਖ ਦਫ਼ਤਰ 'ਚ ਜਮ੍ਹਾਂ ਕਰਵਾਏ ਜਾ ਸਕਦੇ ਹਨ ਜੀ।


**ਮੁੱਖ ਦਫ਼ਤਰ**

ਮਕਾਨ ਨੰਬਰ : 532, ਫ਼ੇਜ਼-3ਬੀ1, ਐੱਸ. ਏ.ਐੱਸ. ਨਗਰ, (ਮੋਹਾਲੀ)
ਪਿੰਨ : 160059
ਫ਼ੋਨ ਨੰਬਰ : 93177-53202
e-mail : akjmagzine@yahoo.com



Printed & published by Satinder Pal Singh on behalf of Satinder Pal Singh, Printed at Majestic Printing Press Bay Shop No.7, Near Chawla Nursing Home Phase 7, S.A.S. Nagar Mohali and published from H. No 532, Phase-3B1, S.A.S. Nagar, Mohali.
EDITOR: TALWINDER SINGH BUTTAR

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ**

# ਸੋ ਕਹੀਅਤ ਹੈ ਸੂਰਾ

ਅੰਕ : ੦੩ ਸਾਲ : ੧੦ ਮਾਰਚ ੨੦੨੪

ਫੱਗਣ-ਚੇਤ, ੫੫੫ ਨਾਨਕਸ਼ਾਹੀ

**ਨਿਰੋਲ ਧਾਰਮਿਕ ਮਾਸਿਕ ਪੱਤਰ**



'ਸੋ ਕਹੀਅਤ ਹੈ ਸੂਰਾ' ਵਿਚ ਨਿਰੋਲ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਹੀ ਰਚਨਾਵਾਂ ਛਾਪਣ ਦੀ ਪੂਰਨ ਕੋਸ਼ਿਸ਼ ਕੀਤੀ ਜਾਵੇਗੀ ਪਰ ਫ਼ਿਰ ਵੀ ਲਾਜ਼ਮੀ ਨਹੀਂ ਹੈ ਕਿ ਹਰੇਕ ਰਚਨਾ ਨਾਲ 'ਸੰਪਾਦਕੀ ਮੰਡਲ' ਜਾਂ ਜਥੇ ਦੀ ਸਮੂਹਿਕ ਵਿਚਾਰਧਾਰਾ ਇੰਨ-ਬਿੰਨ ਸਹਿਮਤ ਹੋਵੇ।

ਕਿਸੇ ਵੀ ਖੇਤਰ ਵਿਚ ਕਿਸੇ ਵੀ ਵਿਵਾਦ ਦੀ ਸੂਰਤ ਵਿਚ ਨਿਆਂਖੇਤਰ ਸਿਰਫ਼ ਅਜੀਤਗੜ੍ਹ (ਮੁਹਾਲੀ) ਹੋਵੇਗਾ ਅਤੇ ਕਿਸੇ ਵੀ ਇਤਰਾਜ਼ ਨੂੰ ਦੋ ਮਹੀਨੇ ਦੇ ਅੰਦਰ ਪ੍ਰਗਟ ਕਰਨਾ ਜ਼ਰੂਰੀ ਹੋਵੇਗਾ।


### ਲੇਖਕਾਂ ਤੇ ਪਾਠਕਾਂ ਲਈ

* ਅਖੰਡ ਕੀਰਤਨੀ ਜਥੇ ਦੇ ਮਾਸਿਕ ਪੱਤਰ 'ਸੋ ਕਹੀਅਤ ਹੈ ਸੂਰਾ' ਲਈ ਨਿਰੋਲ ਗੁਰਮਤਿ ਆਸ਼ੇ ਦੇ ਅਨੁਕੂਲ, ਰੂਹਾਨੀ/ਅਧਿਆਤਮਕ ਅਤੇ ਗੁਰਸਿੱਖੀ ਸਰੋਕਾਰਾਂ ਨਾਲ ਸਬੰਧਤ ਨਿਰਵਿਵਾਦ ਵਿਸ਼ਿਆਂ 'ਤੇ ਲੇਖਕਾਂ ਨੂੰ ਰਚਨਾਵਾਂ ਭੇਜਣ ਦੀ ਸਨਿਮਰ ਬੇਨਤੀ ਹੈ।
* ਰਚਨਾਵਾਂ ਵਿਚ ਲੇਖ, ਕਵਿਤਾਵਾਂ ਅਤੇ ਹੋਰ ਗੁਰਮਤਿ ਵਿਚਾਰਾਂ ਨਾਲ ਸਬੰਧਿਤ ਸਮੱਗਰੀ ਨੂੰ ਕਾਗਜ਼ 'ਤੇ ਸਾਫ਼-ਸੁਥਰੇ ਅੱਖਰਾਂ ਵਿਚ ਲਿਖ ਕੇ ਜਾਂ ਫ਼ਿਰ ਟਾਈਪ ਕਰਵਾ ਕੇ ਹਰ ਮਹੀਨੇ ਦੀ 10 ਤਰੀਖ਼ ਤੋਂ ਪਹਿਲਾਂ-ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।
* ਲੇਖ ਸਮੱਗਰੀ ਦੇ ਨਾਲ ਗੁਰਬਾਣੀ ਦੀਆਂ ਤੁਕਾਂ ਅਤੇ ਹਵਾਲੇ ਕ੍ਰਿਪਾ ਕਰਕੇ ਪੂਰਨ ਰੂਪ ਵਿਚ ਸੋਧ ਕੇ ਭੇਜੋ ਜੀ।
* ਅਸੀਂ ਇਸ ਮਾਸਿਕ ਪੱਤਰ ਨੂੰ ਪਾਠਕ ਜਨਾਂ ਲਈ ਹੋਰ ਲਾਭਦਾਇਕ, ਜਾਣਕਾਰੀ ਭਰਪੂਰ ਅਤੇ ਗੁਰਬਾਣੀ ਆਸ਼ੇ ਤੇ ਗੁਰਮਤਿ ਵਿਚਾਰਾਂ ਦਾ ਵਾਹਕ ਬਣਾਉਣ ਲਈ ਅਖੰਡ ਕੀਰਤਨੀ ਜਥੇ ਦੇ ਸੂਝਵਾਨ ਤੇ ਚੇਤੰਨ ਮੈਂਬਰਾਂ ਦੇ ਸੁਝਾਵਾਂ ਦਾ ਹਾਰਦਿਕ ਸਵਾਗਤ ਕਰਾਂਗੇ।

> ਜ਼ਿੰਦਗੀ ਉਨ੍ਹਾਂ ਦੀ ਹੈ, ਜੋ ਜ਼ਿੰਦਗੀ ਨੂੰ ਵਾਰ ਸਕਦੇ ਹਨ, ਚੰਮ-ਸੱਚ ਨੂੰ ਮੰਨਣ ਵਾਲੇ ਸਦਾ ਖਵਾਰ ਹੁੰਦੇ ਹਨ। ਚੰਮ-ਸੱਚ ਵਾਲੇ ਚੰਮ-ਖ਼ੁਸ਼ੀ ਦੀ ਸ਼ਰਾਬ ਵਿਚ ਗੜੂੰਦ ਮੋਏ ਕਦੀਂ ਸੱਚਾ ਪਿਆਰ, ਕੀ ਆਪਣੇ ਆਪ ਦਾ, ਕੀ ਆਪਣੇ ਪਿਆਰਿਆਂ ਦਾ, ਕੀ ਰੱਬ ਦਾ, ਕੀ ਦੇਸ਼ ਦਾ ਪ੍ਰਤੀਤ ਕਰ ਸਕਦੇ ਹਨ ? ਕਦੀਂ ਨਹੀਂ, ਇਨ੍ਹਾਂ ਪਾਸੋਂ ਕਿਸੀ ਆਸ਼ਾ ਤੇ ਆਦਰਸ਼ ਦੀ ਪੂਰਤੀ ਦੀ ਉਮੈਦ ਕਰਨੀ ਨਿਸਫਲ ਹੈ।
>
> -ਪ੍ਰੋ. ਪੂਰਨ ਸਿੰਘ ਜੀ


ਜਬ ਲਗ ਖਾਲਸਾ ਰਹੇ ਨਿਆਰਾ — 06
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਗੁਰਦੁਆਰਿਆਂ ਦੀ ਯਾਤਰਾ ਕਿਉਂ ਕਰਨੀ ਚਾਹੀਦੀ ਹੈ ? — 10
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਬਾਵਨ ਅਖਰੀ ਦੀ ਸਾਖੀ — 12
ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਹੋਲੇ ਮਹੱਲੇ ਦਾ ਆਸ਼ਾ ਉਦੇਸ਼ ਤੇ ਉਪਦੇਸ਼ — 13

ਸ਼੍ਰੀ ਦਸਮੇਸ਼ ਪੂਰਨੇ — 16
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਪੰਥ — 19
ਪ੍ਰੋ. ਪੂਰਨ ਸਿੰਘ ਜੀ

ਮੈ ਮਹਦੂਦੁ ਲਿਖਾਇਆ ਖਸਮੈ কੈ ਦਰਿ ਜਾਇ॥ — 23
ਭਾਈ ਅਮਰੀਕ ਸਿੰਘ ਅੰਬਾਲਾ

ਸ੍ਰੀ ਅਕਾਲ ਤਖ਼ਤ ਸਾਹਿਬ : ਪੰਥਕ ਰਾਜ ਸਿੰਘਾਸਣ — 25
ਭਾਈ ਹਰਿਸਿਮਰਨ ਸਿੰਘ*

ਤੇਰੀ ਘਾਲਿ ਪਰੀ ਅਬਿ ਥਾਇ — 29
ਬਲਵਿੰਦਰ ਸਿੰਘ 'ਜੌੜਾਸਿੰਘਾ'

ਸ੍ਰੀ ਗੁਰੂ ਦਸਮ ਪਾਤਸ਼ਾਹ ਦੀ ਖੰਡੇ ਦੀ ਫ਼ਿਲਾਸਫ਼ੀ — 30
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

**ਸਲੋਕ ਮਹਲਾ ੨ ॥**
**ਜਿਨਾਭਉਤਿਨ੍ਨਾਹਿਭਉਮੁਚੁਭਉਨਿਭਵਿਆਹ ॥**
**ਨਾਨਕਏਹੁਪਟੰਤਰਾਤਿਤੁਦੀਬਾਣਿਗਇਆਹ ॥੧ ॥**
**(ਵਾਰ ਸੂਹੀ ਕੀ ਸਲੋਕਾ ਨਾਲਿ ਮਹਲਾ ੩, ਅੰਕ : ੭੮੮)**

# ਅਰਥ ਵਿਚਾਰ

ਇਸ ਸਲੋਕ ਦੀ ਪਹਿਲੀ ਪੰਕਤੀ ਵਿਚ ਗੁਰੂ ਜੀ ਫ਼ਰਮਾਉਂਦੇ ਹਨ ਕਿ ਜਿਨ੍ਹਾਂ ਨੂੰ (ਇਕ ਪ੍ਰਭੂ ਦਾ) ਭੈਅ ਹੋਵੇ, ਉਨ੍ਹਾਂ ਨੂੰ (ਦੁਨੀਆ ਦਾ ਮਾਇਆਵੀ) ਭੈਅ ਨਹੀਂ ਹੁੰਦਾ ਪਰ ਨਿਭਵਿਆਂ (ਰੱਬ ਦੇ ਡਰ ਤੋਂ ਹੀਣਿਆਂ ਨੂੰ) ਨੂੰ ਬਹੁਤ ਵੱਡਾ ਭੈਅ (ਸੰਸਾਰੀ ਭੈਅ) ਹੁੰਦਾ ਹੈ। ਗੁਰੂ ਜੀ "ਨਾਨਕ" ਮੋਹਰ ਛਾਪ ਲਾ ਕੇ ਫ਼ਰਮਾਉਂਦੇ ਹਨ ਕਿ ਇਹ ਨਿਰਣਾ (ਪਟੰਤਰਾ) ਅੱਗੇ (ਧਰਮਰਾਏ ਦੇ) ਦੀਬਾਣ ਵਿਚ ਗਇਆਂ ਹੁੰਦਾ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਹ ਸਲੋਕ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਲਫ਼ਜ਼ਾਂ ਦੀ ਚੋਜ ਵਿਡਾਣੀ ਵਰਤੋਂ ਕਰਕੇ ਡਰ ਬਾਰੇ ਗੁਰਮਤਿ ਦੇ ਮਹਾਨ ਸਿਧਾਂਤ ਦਾ ਇੰਕਸ਼ਾਫ਼ ਕਰਦੇ ਹਨ। ਇਸ ਸਲੋਕ ਵਿਚ "ਭਉ" ਸ਼ਬਦ ਦੀ ਬਹੁਤ ਕਮਾਲ ਦੀ ਵਰਤੋਂ ਕੀਤੀ ਗਈ ਹੈ। ਪਹਿਲੀ ਪੰਕਤੀ ਵਿਚ ਪਹਿਲੇ "ਭਉ" ਦਾ ਅਰਥ ਵਾਹਿਗੁਰੂ ਜੀ ਦਾ ਭਉ ਹੈ ਅਤੇ ਦੂਜਾ "ਭਉ" ਸੰਸਾਰੀ ਭੈਅ ਦਾ ਅਰਥ ਰੱਖਦਾ ਹੈ। ਤੀਜਾ "ਭਉ" ਫੇਰ ਸੰਸਾਰੀ ਡਰ ਦਾ ਭਾਵ ਰੱਖਦਾ ਹੈ। "ਨਿਭਵਿਆਹ" ਦਾ ਭਾਵ ਹੈ ਨਿੱਡਰ ਪਰ ਇੱਥੇ ਇਹ ਸ਼ਬਦ ਉਨ੍ਹਾਂ ਲੋਕਾਂ ਵਾਸਤੇ ਹੈ, ਜੋ ਵਾਹਿਗੁਰੂ ਜੀ ਦਾ ਭੈਅ ਨਹੀਂ ਕਰਦੇ ਭਾਵ ਵਾਹਿਗੁਰੂ ਜੀ ਵਲੋਂ ਬੇਮੁਖ ਹਨ।

ਗੁਰਬਾਣੀ ਨੇ ਦੋ ਤਰ੍ਹਾਂ ਦਾ ਡਰ ਮੰਨਿਆ ਹੈ- ਇਕ ਸੰਸਾਰੀ ਡਰ ਅਤੇ ਇਕ ਖ਼ੁਦਾਈ ਡਰ ਭਾਵ ਵਾਹਿਗੁਰੂ ਦਾ ਡਰ। ਸਿੱਖ ਨੇ ਸੰਸਾਰੀ ਡਰ ਜੋ ਕਿ ਸਹਿਮ ਜਾਂ ਤ੍ਰਾਹ ਦਾ ਰੂਪ ਹੈ ਨੂੰ ਤੱਜਣਾ ਹੈ; ਜਦਕਿ ਖ਼ੁਦਾਈ ਡਰ, ਜੋ ਕਿ ਅਸਲ ਵਿਚ ਅਦਬ ਅਤੇ ਇਲਾਹੀ ਮੁਹੱਬਤ ਦਾ ਮਿਸ਼ਟ ਮਿਸ਼ਰਣ ਹੈ, ਨੂੰ ਧਾਰਨ ਕਰਨਾ ਹੈ। ਜੇਕਰ ਸਿੱਖ ਖ਼ੁਦਾਈ ਡਰ ਧਾਰਨ ਕਰ ਲਵੇ ਤਾਂ ਸੰਸਾਰੀ ਡਰ ਉੱਡ ਜਾਂਦਾ ਹੈ ਅਤੇ ਜਦੋਂ ਕੋਈ ਵਿਅਕਤੀ ਖ਼ੁਦਾਈ ਡਰ ਵਲੋਂ ਪਾਸਾ ਵੱਟ ਲੈਂਦਾ ਹੈ ਤਾਂ ਦੁਨਿਆਵੀ ਡਰ ਹਿਰਦੇ ਨੂੰ ਗ੍ਰਸ ਲੈਂਦਾ ਹੈ। ਖ਼ੁਦਾਈ ਡਰ ਵਾਲੇ ਨੂੰ ਕੇਵਲ ਇਕ ਖ਼ੁਦਾਇ ਦਾ ਡਰ ਧਾਰਨ ਕਰਨਾ ਪੈਂਦਾ ਹੈ ਪਰ ਖ਼ੁਦਾਈ ਡਰ ਵਲੋਂ ਪਾਸਾ ਪਲਟਿਆਂ ਅਜਿਹਾ ਦੁਨਿਆਵੀ ਡਰ ਵਿਆਪਦਾ ਹੈ ਕਿ ਇਨਸਾਨ ਨੂੰ ਜਣੇ ਖਣੇ ਦੇ ਡਰ ਦਾ ਅਤੇ ਬਿਸੀਆਰ ਅੰਦੇਸ਼ਿਆਂ ਦਾ ਸ਼ਿਕਾਰ ਬਣਾ ਦਿੰਦਾ ਹੈ। ਅਜਿਹੇ ਇਨਸਾਨ ਦਾ ਜੀਣਾ ਦੁੱਭਰ ਹੋ ਜਾਂਦਾ ਹੈ ਕਿਉਂਕਿ ਦੁਨਿਆਵੀ ਡਰ ਉਸ ਨੂੰ ਅਣਹੋਣੀਆਂ ਆਧੀਆਂ, ਬਿਆਧੀਆਂ ਅਤੇ ਉਪਾਧੀਆਂ ਦੇ ਤੌਖਲਿਆਂ ਕਰਕੇ ਦੀਰਘ ਚਿੰਤਾ ਰੋਗ ਦਾ ਮਰੀਜ਼ ਬਣਾ ਦਿੰਦਾ ਹੈ ਜੋ ਕਿ ਸਮਾਂ ਪਾਉਣ 'ਤੇ, ਮਨ ਤੋਂ ਬਾਅਦ, ਸਰੀਰਕ ਰੋਗਾਂ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਚਿੰਤਾ ਰੋਗ ਹੀ ਅਸਲ ਵਿਚ ਬਲੱਡ ਪ੍ਰੈਸ਼ਰ, ਸ਼ੂਗਰ, ਦਿਲ ਦੇ ਦੌਰਿਆਂ ਆਦਿ ਬਿਮਾਰੀਆਂ ਦੀ ਜੜ੍ਹ ਹੈ। ਇਕ ਖ਼ੁਦਾਈ ਡਰ ਦਾ ਧਾਰਨੀ ਗੁਰਸਿੱਖ ਨਾ ਸਿਰਫ਼ ਦੁਨਿਆਵੀ ਡਰਾਂ ਤੋਂ ਹੀ ਮੁਕਤ ਰਹਿੰਦਾ ਹੈ ਬਲਕਿ ਚਿੰਤਾ ਰੋਗ ਤੋਂ ਵੀ ਮੁਕਤ ਹੋ ਜਾਂਦਾ ਹੈ ਅਤੇ ਉਸ ਦਾ ਜੀਵਨ ਸਹੀ ਮਾਅਨਿਆਂ ਵਿਚ ਸੁਖੀ ਹੋ ਜਾਂਦਾ ਹੈ।

ਖ਼ੁਦਾਈ ਡਰ ਵੀ ਦੋ ਤਰ੍ਹਾਂ ਦਾ ਹੈ; ਇਕ ਤਾਂ ਪਾਪਾਂ ਦੀ ਸਜ਼ਾ ਦਾ ਡਰ ਹੈ ਜੋ ਕਿ ਇਨਸਾਨ ਨੂੰ ਮਾੜੇ ਕੰਮਾਂ ਵਲੋਂ ਹੋੜ ਲੈਂਦਾ ਹੈ ਅਤੇ ਦੂਸਰਾ ਡਰ ਹੈ ਵਾਹਿਗੁਰੂ ਜੀ ਨਾਲ ਪ੍ਰੀਤਿ ਟੁੱਟਣ ਦਾ ਡਰ ਜੋ ਕਿ ਸਿੱਖ ਨੂੰ ਹੁਕਮੀ ਬੰਦਾ ਬਣਾ ਦਿੰਦਾ ਹੈ। ਸਿੱਖ ਇਸ ਕਰਕੇ ਹੁਕਮੀ ਬੰਦਾ ਬਣ ਜਾਂਦਾ ਹੈ ਕਿ ਉਹ ਵਾਹਿਗੁਰੂ ਨਾਲ ਬੇਪਨਾਹ ਮੁਹੱਬਤ ਕਰਦਾ ਹੈ ਅਤੇ ਕਿਸੇ ਵੀ ਕੀਮਤ 'ਤੇ ਅਜਿਹਾ ਕੰਮ ਨਹੀਂ ਕਰਨਾ ਚਾਹੁੰਦਾ ਜਿਸ ਕਰਕੇ ਮਹਿਬੂਬ ਵਾਹਿਗੁਰੂ ਨਾਲੋਂ ਪ੍ਰੀਤਿ ਘਟੇ। ਇਸੇ ਕਰਕੇ ਹੀ ਸਿੱਖ, ਗੁਰੂ ਜੀ ਦਾ ਅਦਬ ਰੱਖਦੇ ਹਨ ਅਤੇ ਕਦੇ ਕੋਈ ਕੰਮ ਅਜਿਹਾ ਨਹੀਂ ਕਰਦੇ ਜਿਸ ਨਾਲ ਉਨ੍ਹਾਂ ਦੀ ਮਹਿੰਗੇ ਮੋਲ ਲਈ ਹੋਈ ਪ੍ਰੀਤਿ ਵਿਚ, ਕਿਸੇ ਤਰ੍ਹਾਂ ਦਾ ਘਾਟਾ ਪਵੇ। ਗੁਰੂ ਜੀ ਦਾ ਭੈਅ ਰੱਖਣ ਵਾਲੇ ਗੁਰਸਿੱਖ ਗੁਰੂ ਜੀ ਦੇ ਹਰ ਹੁਕਮ ਨੂੰ ਕਮਾਉਣ ਲਈ ਤਤਪਰ ਰਹਿੰਦੇ ਹਨ ਅਤੇ ਭਾਵੇਂ ਹੁਕਮ ਛੋਟਾ ਹੋਵੇ ਭਾਵੇਂ ਵੱਡਾ ਹੋਵੇ, ਉਹ ਇਕ ਇਕ ਹੁਕਮ ਪਿੱਛੇ ਆਪਣੀ ਜਾਨ ਕੁਰਬਾਨ ਕਰਨ ਨੂੰ ਤਿਆਰ ਰਹਿੰਦੇ ਹਨ। ਉਹ ਕਦੇ ਵੀ ਸ੍ਰੀ ਗੁਰੂ ਦਸਮੇਸ਼ ਜੀ ਦੀ ਰਹਿਤ ਵਲੋਂ ਤਨਿਕ ਮਾਤ੍ਰ ਵੀ ਢਿੱਲ ਨਹੀਂ ਕਰਦੇ ਤੇ ਗੁਰੂ ਜੀ ਦਾ ਨਾਮ ਜਪਣ ਵਾਲਾ ਹੁਕਮਨ ਸਿਰ ਹੁਕਮ ਮੰਨਣ ਲਈ ਵੀ ਪੂਰੀ ਵਾਹ ਲਾਉਂਦੇ ਹਨ। ਅਜਿਹੇ ਗੁਰਸਿੱਖ ਦੀ ਹਰ ਮੈਦਾਨ ਫ਼ਤਹਿ ਹੁੰਦੀ ਹੈ ਅਤੇ ਗੁਰੂ ਜੀ ਲੋਕ ਪਰਲੋਕ ਵਿਚ ਉਸ ਦੀ ਲਾਜ ਰੱਖਦੇ ਹਨ।

ਅੱਜ ਪੰਥ ਵਿਚ ਅਜਿਹੇ ਵਿਅਕਤੀਆਂ ਦੀ ਭਰਮਾਰ ਹੈ ਜੋ ਕਿ ਖ਼ੁਦਾਈ ਡਰ ਤੋਂ ਵਿਹੂਣੇ ਹੋਣ ਕਰਕੇ ਖ਼ਾਲਸਈ ਰਹਿਤ ਬਹਿਤ ਦੀ ਪ੍ਰਵਾਹ ਨਹੀਂ ਕਰਦੇ। ਉਹ ਆਪਣੀਆਂ ਸੰਸਾਰੀ ਗਰਜ਼ਾਂ ਨੂੰ ਸਦਾ ਧਰਮ ਤੋਂ ਉਪਰ ਰੱਖਦੇ ਹਨ ਅਤੇ ਲੋੜ ਪੈਣ 'ਤੇ ਉਹ ਆਪਣੇ ਮਤਲਬ ਲਈ ਜਾਂ ਆਪਣੇ ਝੂਠੇ ਮਾਣ ਸਤਿਕਾਰ ਲਈ ਆਪਣੇ ਸਿੱਖਾਂ ਭਾਈਆਂ 'ਤੇ ਵਾਰ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਅਜਿਹੇ ਲੋਕਾਂ ਨੇ ਜਾਂ ਤਾਂ ਗੁਰਬਾਣੀ ਦਾ ਪਾਠ ਨਹੀਂ ਕੀਤਾ ਹੁੰਦਾ ਅਤੇ ਜੇਕਰ ਕੀਤਾ ਹੁੰਦਾ ਹੈ ਤਾਂ ਸਮਝਿਆ ਨਹੀਂ ਹੁੰਦਾ, ਨਹੀਂ ਤਾਂ ਇਕ ਸਿੱਖ ਦੂਜੇ ਸਿੱਖ 'ਤੇ ਕਿਵੇਂ ਵਾਰ ਕਰ ਸਕਦਾ ਹੈ। ਅੱਜ ਸਾਡੀ ਕੌਮ ਦੀ ਇਹ ਹਾਲਤ ਹੋ ਗਈ ਹੈ ਕਿ ਸਿੱਖ ਇਕ ਦੂਜੇ ਦੇ ਗਿਰੇਬਾਨ ਨੂੰ ਹੱਥ ਪਾਉਣ ਤੋਂ ਭੋਰਾ ਵੀ ਨਹੀਂ ਸੰਕੋਚਦੇ। ਗੁਰੂ ਜੀ ਭਲੀ ਕਰਨ ਕਿ ਖ਼ਾਲਸਾ ਪੰਥ ਨੂੰ ਪੁਰਾਤਨ ਗੁਰਸਿੱਖਾਂ ਵਾਲਾ ਗੁਰਮਤਿ ਭੈਅ ਅਤੇ ਅਦਬ ਬਖ਼ਸ਼ਣ ਤਾਂ ਕਿ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਸਹੀ ਅਰਥਾਂ ਵਿਚ ਹੋ ਸਕੇ।



# ਜਬ ਲਗ ਖਾਲਸਾ ਰਹੇ ਨਿਆਰਾ



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

ਨਾਮੋਂ ਘੁਥੇ ਧਰਮ-ਹੀਣ ਆਨਮਤੀਆਂ ਸਾਕਤਾਂ ਕੁਸੰਗੀਆਂ ਦੇ ਨਾਲ ਮਿਲਗੋਭਾ ਹੋਣ ਕਰਕੇ ਖਾਲਸਾ ਜੀ ਦਾ ਤੇਜ ਪ੍ਰਤਾਪ ਘਟਦਾ ਹੈ, ਜੈਸੇ ਕਿ ਦਸਮੇਸ਼ ਜੀ ਦਾ ਸਿਖ ਪ੍ਰਤੀ ਇਸ ਬਿਧਿ ਹਿਤ ਉਪਦੇਸ਼ ਹੈ:

**ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਓ ਮੈਂ ਸਾਰਾ ॥**
**ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈਂ ਨ ਕਰੋਂ ਇਨ ਕੀ ਪ੍ਰਤੀਤ ॥**
**(ਸਰਬ ਲੋਹ ਗ੍ਰੰਥ)**

ਤਾਂ ਤੇ ਖਾਲਸੇ ਜੀ ਦਾ ਤੇਜ ਪ੍ਰਤਾਪ ਆਨਮਤੀਆਂ ਦੇ ਮਿਲਗੋਭਾਪਨ ਤੋਂ ਨਿਆਰਾ (ਨਿਰਾਲਾ) ਰਹਿਣ ਵਿਚ ਹੀ ਹੈ। ਆਨਮਤੀਆਂ ਵਿਖੇ ਮਿਲਗੋਭਾ ਹੋ ਜਾਣ ਵਿਚ ਖਾਲਸਾ ਪੰਥ ਦੀ ਨਿਰਾਲੀ ਹਸਤੀ ਹੀ ਨਹੀਂ ਰਹਿੰਦੀ ਅਤੇ ਖਾਲਸਾ ਪੰਥ ਨੂੰ ਬੇਦੀ ਕਤੇਬੀ ਦੋਹੁ ਪ੍ਰਕਾਰ ਦੀਆਂ ਭਿੰਨ-ਭਿੰਨ ਸ਼੍ਰੇਣੀਆਂ ਦੇ ਆਨਮਤਾਂ ਵਿਚੋਂ ਨਿਆਰਾ ਅਤੇ ਨਿਰਾਲਾ ਕਰਨ ਦੀ ਲੋੜ ਸ੍ਰੀ ਦਸਮੇਸ਼ ਨੂੰ ਇਸ ਵਾਸਤੇ ਪਈ ਕਿ:

**ਦੁਹੂੰ ਪੰਥ ਮੈਂ ਕਪਟ ਵਿੱਦਯਾ ਚਲਾਨੀ ॥ ਬਹੁੜ ਤੀਸਰਾ ਪੰਥ ਕੀਜੈ ਪਰਧਾਨੀ ॥**
**(ਉਗ੍ਰਦੰਤੀ, ਛਕਾ : ੫)**

ਦੇ ਸ੍ਰੀ ਮੁਖ ਬਚਨ ਅਨੁਸਾਰ ਸ੍ਰੀ ਦਸਮੇਸ਼ ਜੀ ਨੂੰ ਮਨਜ਼ੂਰ ਸੀ ਕਿ ਆਨਮਤੀਆਂ ਵਿਖੇ ਮਿਲਗੋਭਾ ਰਹਿਣ ਕਰਕੇ ਨਿਰੋਲ ਖਾਲਸਾ ਪੰਥ ਨੂੰ ਕਪਟ-ਪੰਥੀਆਂ ਦੀਆਂ ਕਪਟ ਕਰਤੂਤਾਂ, ਕਪਟ ਕੁਰਹਿਣੀਆਂ, ਕਪਟ ਕੁਰਹਿਤਾਂ, ਕਪਟ ਕੁਚਾਲਾਂ ਅਤੇ ਕਪਟ ਕੁਵਹਿਦਤਾਂ ਤੇ ਕਮਜ਼ੋਰੀਆਂ ਦਾ ਲੇਸ ਲਛਣ ਨ ਲਗਣਾ ਪਾਵੇ। ਜੇਕਰ ਸ੍ਰੀ ਦਸਮੇਸ਼ ਜੀ ਇਸ ਬਿਧਿ ਖਾਲਸਾ ਜੀ ਨੂੰ ਆਨਮਤੀਆਂ ਦੇ ਮਿਲਗੋਭੇ ਤੋਂ ਨਿਰਾਲਾ ਨਾ ਰਖਦੇ ਅਤੇ ਨਿਆਰਾ ਨਾ ਕਰ ਦਿੰਦੇ ਤਾਂ ਅੱਜ ਤਾਈਂ ਖਾਲਸਾ ਪੰਥ ਦੀ ਹਸਤੀ ਨੇ ਹੀ ਮਲੀਆਮੇਟ ਹੋ ਜਾਣਾ ਸੀ।

ਇਕ ਕੌਮ ਦੇ ਦੂਜੀ ਕੌਮ ਤੋਂ ਨਿਰਾਲੇ ਅਤੇ ਨਿਆਰੇ ਹੋਣ ਦੀ ਪਛਾਣ ਆਸ਼ਾ, ਇਸ਼ਟ, ਉਪਾਸ਼ਨਾ, ਖਾਨ, ਪਾਨ, ਪਹਿਰਾਨ ਵਿਚ ਹੈ। ਸੋ ਖਾਲਸਾ ਇਸ ਪਛਾਣ ਦੇ ਸਰਬ ਅੰਗਾਂ ਵਿਚ ਹੀ ਆਨਮਤੀਆਂ ਤੋਂ ਨਿਰਾਲਾ ਅਤੇ ਵਖਰਾ ਹੈ। ਇਸ ਨਿਰਾਲਾਪਣ ਵਿਚ, ਇਸ ਵਖਰਾਪਣ ਵਿਚ ਖ਼ਾਲਸਾ ਪੰਥ ਦੀ ਸ਼ਾਨ ਦਿਨੋ ਦਿਨ ਸਵਾਈ, ਦੂਣ ਸਵਾਈ ਅਤੇ ਚੜ੍ਹਦੀ ਕਲਾ ਵਿਚ ਚੜ੍ਹਦੀ ਚਮਕਦੀ ਜਾਂਦੀ ਹੈ। ਕਿਉਂਕਿ ਮਿਲਗੋਭਾ ਨਾ ਰਹਿਣ ਵਿਚ ਖਾਲਸਾ ਪੰਥ ਦੀ ਸ੍ਰੇਸ਼ਟਤਾ ਵਿਲੱਖਣਤਾ ਗੱਜ ਵੱਜ ਕੇ ਪ੍ਰਗਟ ਪਹਾਰੇ ਪ੍ਰਕਾਸ਼ਤ ਹੋ ਜਾਂਦੀ ਹੈ। ਇਸ ਚੜ੍ਹਦੀ ਕਲਾ ਦੇ ਮੌਜ ਬਹਾਰੀ ਰੰਗ ਵਿਚ ਖਾਲਸਾ ਜੀ ਦੇ ਆਨਮਤੀਆਂ ਤੋਂ ਵਖਰਾ ਹੋਣ ਅਤੇ ਨਿਰਾਲਾ ਰਹਿਣ ਕਰਿ ਖਾਲਸਾ ਜੀ ਨੂੰ ਨਫ਼ਰਤ ਅਤੇ ਬੇਇਤਫ਼ਾਕੀ ਦੀ ਬਿਥਾਰਕ ਹੋਣ ਦੀ ਕਲੰਕ ਭਰੀ ਲੀਕ ਭੀ ਨਹੀਂ ਲੱਗ ਸਕਦੀ, ਕਿਉਂਕਿ ਖਾਲਸਾ ਪੰਥ ਦੀ ਸਾਜਨਾ ਹੀ ਪਰਉਪਕਾਰ ਨਮਿਤ ਹੈ। ਖਾਲਸਾ ਜੀ ਦਾ ਬਿਰਦ ਹੈ ਕਿ ਦੀਨਾਂ ਦੁਖੀਆਂ ਨੂੰ, ਭਾਵੇਂ ਉਹ ਕਿਸੇ ਭੀ ਮਤ ਵਿਚੋਂ ਹੋਵਨਿ, ਦੋਖੀਆਂ ਜ਼ਾਲਮਾਂ ਕੋਲੋਂ ਉਭਾਰੇ।

ਖਾਲਸਾ ਜੀ ਦਾ ਖਾਲਸਾ ਪੰਥ ਦੇ ਬਾਨੀ ਮੁਬਾਨੀ ਸ੍ਰੀ ਗੁਰੂ ਦਸਮੇਸ਼ ਜੀ ਦਾ ਪਰਮ ਧਰਮ ਮੁਖ ਉਪਕਾਰ ਹੀ ਇਹ ਹੈ ਕਿ ਸਰਬ ਸੰਸਾਰੀਆਂ ਨੂੰ, ਸੰਸਾਰ ਭਰ ਦੇ ਪ੍ਰਾਣੀ ਮਾਤਰ ਨੂੰ (ਭਾਵੇਂ ਕਿਸੇ ਮਤ ਮਤਾਂਤਰ, ਬਰਨ ਅਬਰਨ, ਜਾਤ ਜਨਮ, ਨਸਲ ਕੁਨਸਲ, ਦੇਸ ਬਿਦੇਸ ਵਿਚੋਂ ਕੋਈ ਹੋਵੇ) ਨਾਮ ਅੰਮ੍ਰਿਤੀ ਜੀਅ ਦਾਨ ਦੇ ਕੇ ਅਤੇ ਭਗਤੀ ਪ੍ਰਾਇਣ ਕਰ ਕੇ ਅਕਾਲ ਪੁਰਖ ਦੇ ਨਾਲ ਮਿਲਾਇਆ ਜਾਵੇ। ਇਸ ਤੋਂ ਵਧ ਕੇ ਸੱਚਾ ਪ੍ਰੇਮ, ਸੱਚਾ ਜਿਗਰੀ ਪ੍ਰੇਮ ਹੋਰ ਕੀ ਹੋ ਸਕਦਾ ਹੈ? ਇਸ ਤੋਂ ਵਧ ਕੇ ਇਤਫ਼ਾਕ, ਸੱਚੇ ਇਤਫ਼ਾਕ ਨੀਚ ਊਚ ਨੂੰ ਇਕਸ ਸਮਾਨ ਕਰਿ ਦਿਖਾਵਣ ਦੀ ਸੱਚੀ ਮੇਅਰਾਜ ਤੇ ਇਕ-ਸਾਰ ਇਕੋ ਘੜੀ ਤੇ ਲਿਆ ਦੇਣ ਵਾਲੇ ਇਤਫ਼ਾਕ

ਇਕ ਕੌਮ ਦੇ ਦੂਜੀ ਕੌਮ ਤੋਂ ਨਿਰਾਲੇ ਅਤੇ ਨਿਆਰੇ ਹੋਣ ਦੀ ਪਛਾਣ ਆਸ਼ਾ, ਇਸ਼ਟ, ਉਪਾਸ਼ਨਾ, ਖਾਨ, ਪਾਨ, ਪਹਿਰਾਨ ਵਿਚ ਹੈ। ਸੋ ਖਾਲਸਾ ਇਸ ਪਛਾਣ ਦੇ ਸਰਬ ਅੰਗਾਂ ਵਿਚ ਹੀ ਆਨਮਤੀਆਂ ਤੋਂ ਨਿਰਾਲਾ ਅਤੇ ਵਖਰਾ ਹੈ। ਖਾਲਸਾ ਪੰਥ ਦੀ ਸ੍ਰੇਸ਼ਟਤਾ ਵਿਲੱਖਣਤਾ ਗੱਜ ਵੱਜ ਕੇ ਪ੍ਰਗਟ ਪਹਾਰੇ ਪ੍ਰਕਾਸ਼ਤ ਹੋ ਜਾਂਦੀ ਹੈ। ਇਸ ਚੜ੍ਹਦੀ ਕਲਾ ਦੇ ਮੌਜ ਬਹਾਰੀ ਰੰਗ ਵਿਚ ਖਾਲਸਾ ਜੀ ਦੇ ਆਨਮਤੀਆਂ ਤੋਂ ਵਖਰਾ ਹੋਣ ਅਤੇ ਨਿਰਾਲਾ ਰਹਿਣ ਕਰਿ ਖਾਲਸਾ ਜੀ ਨੂੰ ਨਫ਼ਰਤ ਅਤੇ ਬੇਇਤਫ਼ਾਕੀ ਦੀ ਬਿਥਾਰਕ ਹੋਣ ਦੀ ਕਲੰਕ ਭਰੀ ਲੀਕ ਭੀ ਨਹੀਂ ਲੱਗ ਸਕਦੀ, ਕਿਉਂਕਿ ਖਾਲਸਾ ਪੰਥ ਦੀ ਸਾਜਨਾ ਹੀ ਪਰਉਪਕਾਰ ਨਮਿਤ ਹੈ। ਖਾਲਸਾ ਜੀ ਦਾ ਬਿਰਦ ਹੈ ਕਿ ਦੀਨਾਂ ਦੁਖੀਆਂ ਨੂੰ, ਭਾਵੇਂ ਉਹ ਕਿਸੇ ਭੀ ਮਤ ਵਿਚੋਂ ਹੋਵਨਿ, ਦੋਖੀਆਂ ਜ਼ਾਲਮਾਂ ਕੋਲੋਂ ਉਭਾਰੇ।

ਦੀ ਹੋਰ ਕੀ ਮਸਾਲ ਹੋ ਸਕਦੀ ਹੈ। ਸ੍ਰਿਸ਼ਟੀ ਭਰ ਨੂੰ ਇਕਸਾਰ ਇਕ-ਜਾਨ ਕਰਕੇ ਸੁੱਚੀ ਉਚਾਣ ਉਤੇ ਲੈ ਜਾਣ ਦਾ ਨਿਰਾਲਾ ਢੰਗ ਇਹ ਖਾਲਸਾ ਜੀ ਦਾ ਨਿਰਲੇਪ ਚੜ੍ਹਦੀਆਂ ਕਲਾਵਾਂ ਵਿਚ ਨਿਰਾਲੇ ਰਹਿਣਾ ਹੀ ਹੈ। ਧਰਮ-ਹੀਣ ਬੇਦੀਨ ਪੁਰਸ਼ਾਂ ਵਿਚ ਨਿਰਲੇਪ ਨਿਰਾਲੇ ਰਹਿ ਕੇ ਆਪਣੀ ਨਿਰਾਲੀ ਰਹਿਣੀ ਦੇ ਧਰਮ ਪੁੰਜ ਉਪਕਾਰੀ ਔਜ ਵਾਲੇ ਪ੍ਰਮਾਰਥੀ ਪੂਰਨਿਆਂ ਸੰਪੰਨ ਪਵਿੱਤਰ ਜੀਵਨ ਦੇ ਆਕ੍ਰਖਣੀ ਅਕਸ ਸੰਸਾਰੀਆਂ ਦੇ ਤ੍ਰੁੱਕੇ ਹੋਏ ਜੀਵਨਾਂ ਉਤੇ ਪਾਉਣਾ ਪਰਲੇ ਦਰਜੇ ਦਾ ਪਰਉਪਕਾਰ ਅਤੇ ਪ੍ਰੇਮ ਹੈ। ਏਸੇ ਪ੍ਰੇਮ ਤੋਂ, ਏਸ ਪਰਉਪਕਾਰ ਜੀਵਨ ਦੀ ਪ੍ਰੇਮ ਰੌ ਪੈਦਾ ਕਰਨ ਵਾਲੀ ਕਣੀ ਤੋਂ ਸੱਚੇ ਅਤੇ ਨਿੱਗਰ ਇਤਫ਼ਾਕ ਦੀ ਬੁਨਿਆਦ ਬਝਦੀ ਹੈ।

ਜੋ ਜੀਵਨ ਤ੍ਰੁੱਕੇ ਹੋਏ ਸੰਸਾਰੀਆਂ ਦੀ ਪੰਕਜ ਕਰਣੀ ਨੀਚ ਕਰਣੀ ਨਿਘਰਤ ਕਰਣੀ ਵਿਚ ਗਰਤ ਹੋ ਗਿਆ, ਉਹ ਤਾਂ ਆਪ ਹੀ ਨਿੱਘਰ ਗਿਆ, ਉਸ ਨੇ ਦੂਸਰਿਆਂ ਨੂੰ ਕੀ ਉਭਾਰਨਾ ਹੈ। ਆਨਮਤੀਆਂ ਦੇ ਧਰਮ ਹੀਣ ਅਚਾਰ ਰਹਿਤ ਸੰਸਕਾਰ ਕਰਮਾਂ ਵਿਚ ਸੰਮਿਲਤ ਹੋ ਜਾਣਾ ਕਿਧਰਲਾ ਪ੍ਰੇਮ ਇਤਫ਼ਾਕ ਹੈ? ਜਿਸ ਦੇ ਨਾਲ ਸਾਡਾ ਆਸ਼ਾ ਇਸ਼ਟ ਉਪਾਸ਼ਨਾ ਖਾਨ ਪਾਨ ਪਹਿਰਾਨ ਨਹੀਂ ਮਿਲਦਾ, ਉਸ ਨੂੰ ਉਸ ਦਸ਼ਾ ਤੋਂ ਉਭਾਰੇ ਬਿਨਾਂ ਅਤੇ ਉਸ ਨੂੰ ਜੀਵਨ-ਗੁੜ੍ਹਤੀ ਦਿਤੇ ਬਿਨਾਂ ਉਸ ਦੇ ਨਾਲ ਖਾਨ ਪਾਨ ਆਦਿਕ ਵਿਚ ਲੰਪਤ ਅਤੇ ਚਗਲ ਹੋ ਜਾਣਾ ਕੋਈ ਪ੍ਰੇਮ ਇਤਫ਼ਾਕ ਦਾ ਪਰਚਾਰ ਕਰਨਾ ਨਹੀਂ, ਸਗੋਂ ਅਪ੍ਰੇਮ ਅਧਰਮ ਵਿਥਾਰਨਾ ਹੈ। ਖਾਲਸਾ ਜੀ ਦਾ ਆਸ਼ਾ ਅਸੂਲ ਹੈ ਸਦਾ ਚੜ੍ਹਦੀ ਕਲਾ ਵਾਲੇ ਉਚ ਮਤੇ ਦਾ ਅਤੇ ਧਰਮ ਹਿਤ, ਦੀਨ ਰਖਿਆ ਹਿਤ ਅਤੇ ਦੇਸ ਰਖਿਆ ਹਿਤ ਮਰਨ ਵਾਲੇ ਬੀਰ ਰਸ ਦਾ। ਕਿਸੇ ਆਨਮਤੀ ਗੁਆਂਢੀ ਕੌਮ ਦਾ ਜੇ ਆਸ਼ਾ ਅਸੂਲ ਇਸ ਤੋਂ ਭਿੰਨ ਕਰਾੜਾਂ ਵਾਲੀ ਕਾਇਰਤਾ ਦਾ ਹੋਵੇ ਤਾਂ ਕੀ ਅਸਾਡਾ ਉਸ ਕੌਮ ਦੇ ਨਾਲ ਅਸਲੀ ਅਤੇ ਜਿਗਰੀ ਇਤਫ਼ਾਕ ਹੋ ਸਕਦਾ ਹੈ ਅਤੇ ਨਿਭ ਸਕਦਾ ਹੈ? ਖਾਲਸਾ ਜੀ ਦਾ ਆਸ਼ਾ ਅਸੂਲ ਹੈ:

**ਨਾਨਕ ਹੋਰਿ ਪਤਿਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ ॥੧੧॥ ( ॥੬੭॥)**

**(ਸਲੋਕ ਮ: ੩, ਪੰਨਾ: ੧੪੧੩)**

ਗੁਰਵਾਕ ਦੇ ਭਾਵ ਅਨੁਸਾਰ ਸੱਚੇ ਅਬਿਚਲ ਅਬਿਨਾਸ਼ੀ ਪ੍ਰਮਾਰਥੀ ਰਾਜ ਮਾਨਣ ਦੀ ਆਤਮ-ਤ੍ਰੰਗੀ ਮੌਜ-ਮਸਤੀ ਵਿਚ ਸੰਸਾਰ ਦੇ ਕੂੜਾਵੇ ਰਾਜ ਸਾਜ ਦੀ ਚਾਹ ਤ੍ਰਿਸ਼ਨਾ ਤੋਂ ਸਦਾ ਨਿਰਚਾਹ ਬੇਪਰਵਾਹ ਰਹਿਣਾ ਅਤੇ ਧਰਮ-ਸ਼ੂਨ, ਨਾਮ ਬਿਹੂਨ ਆਨਮਤੀਆਂ ਦਾ ਆਸ਼ਾ ਅਸੂਲ ਹੋਵੇ ਸੰਸਾਰ ਦੀ ਮਾਇਕ ਤ੍ਰਿਸ਼ਨਾ ਭਰੀ ਸੁਰਾਜ ਦੀ ਕੂੜਾਵੀ ਚਾਹ ਅਤੇ ਮੰਗਤਿਆਂ ਵਾਲੀ ਕੰਗਲੀ ਮੰਗ; ਅਤੇ ਖਾਲਸਾ ਜੀ ਦਾ ਆਸ਼ਾ ਅਸੂਲ ਹੈ ਸਿਰੀ ਸਾਹਿਬ ਦੇ ਜ਼ੋਰ ਅਧਰਮ ਦਾ ਨਾਸ ਕਰਨਾ ਅਤੇ ਜ਼ੁਲਮ-ਰਹਿਤ ਧਰਮ ਦੇ ਰਾਜ, ਹਲੇਮੀ ਰਾਜ ਦਾ ਬਿਥਾਰਨਾ ਫੈਲਾਵਣਾ ਅਤੇ ਆਨਮਤੀਆਂ ਦਾ ਆਸ਼ਾ ਅਸੂਲ ਹੋਵੇ ਜ਼ਾਲਮ ਤੋਂ ਡਰਦੇ ਮਾਰੇ ਜ਼ੁਲਮ ਸਹਾਰਨ ਦੀ ਸੱਚੀ ਸਹਿਨ-ਸ਼ੀਲਤਾ ਹੀਣੀ ਸ਼ੁਸ਼ਕ ਹਠ-ਅਧੀਨੀ ਸ਼ਾਂਤਮਈ ਪਾਲਿਸੀ ਆਪਣਾ ਧਰਮ ਕਰਮ ਗੰਵਾ ਕੇ ਭੀ ਸਹੇੜੀ ਰਖਣੀ, ਤਾਂ ਖਾਲਸਾ ਜੀ ਦਾ ਤੇ ਅਜਿਹੀ ਆਨਮਤੀ ਕੌਮ ਦਾ ਇਤਫ਼ਾਕ ਕਿਹਾ? ਫੇਰ ਖਾਲਸਾ ਜੀ ਦਾ ਇਸ਼ਟ ਰਹਿਬਰ ਹੈ ਸਰਬੱਗ ਸਤਿਗੁਰੂ ਗੁਰਦੇਵ, ਅਤੇ ਕਿਸੇ ਆਨਮਤੀ ਕੌਮ ਦਾ ਰਹਿਬਰੀ ਇਸ਼ਟ ਹੋਵੇ ਕੋਈ ਅਲਪਗ ਇਖ਼ਲਾਕੀ ਆਗੂ ਰੀਫ਼ਾਰਮਰ, ਅਤੇ ਖਾਲਸਾ ਜੀ ਦਾ ਮਤਾ ਗੁਰਮਤਾ ਹੈ ਆਪਣੇ ਅਕਾਲ ਪਠਾਏ ਗੁਰਦੇਵ ਦੇ ਅਕਾਲੀ ਅਸੂਲਾਂ ਉਤੇ ਚਲਣਾ ਅਤੇ ਆਨਮਤੀਆਂ ਦਾ ਮਨਮਤਾ ਹੋਵੇ ਉਕਤ ਅਲਪਗ ਆਗੂ ਦੇ ਮਨਘੜਤ ਮਸਲਿਆਂ ਦੀ ਪੂਛ ਫੜੀ ਰਖਣਾ, ਤਾਂ ਦੱਸੋ ਅਸਾਡਾ ਅਤੇ ਐਸੇ ਆਨਮਤੀਆਂ ਦਾ ਜਿਗਰੀ ਇਤਫ਼ਾਕ ਕਿਕੂੰ ਬਣੇ? ਫੇਰ ਖਾਲਸਾ ਜੀ ਅੰਦਰ ਹੈ ਇਕ ਅਕਾਲ ਦੀ ਅਤੇ ਅਕਾਲ ਦੇ ਨਾਮ ਦੀ ਨਾਮ-ਨਾਮੀ-ਅਭੇਦ ਉਪਾਸ਼ਨਾ, ਅਤੇ ਆਨਮਤੀਆਂ ਦੀ ਉਪਾਸ਼ਨਾ ਹੋਵੇ ਪ੍ਰਿਤਮਾ ਪੂਜਣ ਦੀ ਅਤੇ ਤੇਤੀ ਕ੍ਰੋੜ ਦੇਵਤਿਆਂ ਦੇ ਅਗੇ ਮੱਥੇ ਰਗੜਨ ਦੀ, ਤਾਂ ਭੀ ਖਾਲਸਾ ਜੀ ਅਤੇ ਅਜਿਹੇ ਆਨਮਤੀਆਂ ਦਾ ਅਜੋੜ ਹੀ ਰਿਹਾ ਅਤੇ ਅਸਲ ਇਤਫ਼ਾਕ ਨ ਹੋਣਾ ਪਾਇਆ। ਫੇਰ ਖਾਲਸਾ ਜੀ ਦੇ ਖਾਨ ਪਾਨ ਮਰਯਾਦਾ ਵਿਚ ਭੀ ਜ਼ਮੀਨ ਅਸਮਾਨ ਦਾ ਫ਼ਰਕ ਹੋਇਆ। ਖਾਲਸਾ ਜੀ ਨੇ ਨਿਰੇ ਜਿਹਬੀ ਰਸ ਦੀ ਖ਼ਾਤਰ ਜੀਵਾਂ ਨੂੰ ਬੇਦਰਦੀ ਨਾਲ ਕੁਹ (ਕਟ) ਕੇ ਤਿਆਰ ਕੀਤੇ ਕੁੱਠੇ (ਮਾਸ) ਦੇ ਨੇੜੇ ਨ ਜਾਣਾ ਅਤੇ ਹੜੇ ਹਲਾਲ ਨੂੰ ਹਰਾਮ ਸਮਝਣਾ, ਪ੍ਰੰਤੂ ਆਨਮਤੀਆਂ ਨੇ ਹਲਾਲ ਹਰਾਮ ਦੀ ਕੋਈ ਤਮੀਜ਼ ਨ ਰਖਦੇ ਹੋਏ ਭੱਖ ਅਭੱਖ ਨੂੰ ਹੜੱਪ ਕਰੀ ਜਾਣਾ। ਖਾਲਸਾ ਜੀ ਨੇ ਜਗਤ-ਜੂਠ ਬਿਖਿਆ ਨੂੰ ਬਿਖ ਸਮਾਨ ਸਮਝਦੇ ਹੋਏ ਉਸ ਦਾ ਧੂਆਂ ਤਕ ਲੈਣ ਤੋਂ ਭੀ ਪਰਹੇਜ਼ ਕਰਨਾ ਅਤੇ ਜਗਤ ਭਰ ਦੀਆਂ ਆਨ ਕੌਮਾਂ ਨੇ ਏਸੇ ਜਗਤ-ਜੂਠ ਨੂੰ ਸਭ ਅਹਾਰਾਂ ਤੋਂ ਪ੍ਰਿਆ ਅਹਾਰ ਸਮਝ ਕੇ ਇਸ ਦਾ ਸੇਵਨ ਕਰਨਾ। ਕੋਈ ਇਤਫ਼ਾਕ ਦੀ ਸੂਰਤ ਹੈ, ਪਰਸਪਰ ਅਸਾਡੇ ਅਤੇ ਸਮੂਹ ਆਨਮਤੀਆਂ ਵਿਖੇ? ਕਦਾਚਿੱਤ ਨਹੀਂ। ਫੇਰ ਅਸਾਡਾ (ਖਾਲਸਾ ਜੀ ਦਾ) ਪਹਿਰਾਵਾ ਸ਼ਸਤਰਾਂ ਸੁਰਮਈ ਅਕਾਲੀ ਬਸਤਰਾਂ ਦਾ ਅਤੇ ਪੰਜ ਕਕਾਰਾਂ ਦੀ ਰਹਿਤ ਦਾ। ਕਛਹਿਰਾ ਸਜਾ ਕੇ ਹਰ ਦਮ ਨਗਾਰੇ ਵਾਂਗੂੰ ਡਟ ਕੇ ਤਿਆਰ-ਬਰ-ਤਿਆਰ ਗੁਰਮੁਖੀ ਪੁਸ਼ਾਕਿਆਂ ਅਤੇ ਦੂਹਰੇ ਸਜੀਲੇ ਦਸਤਾਰਿਆਂ ਅਤੇ ਗੁਰਮੁਖੀ ਦਾੜ੍ਹਿਆਂ ਵਾਲੇ ਦਿਦਾਰਿਆਂ ਸਹਿਤ ਸਜੇ ਧਜੇ ਸੂਰਬੀਰਾਂ ਦੀ ਸ਼ਾਨ ਵਿਚ ਰਹਿਣਾ, ਤੇ ਕਿਥੇ ਧੋਤੀ ਪੁਸ਼ਾਕ, ਸਿਰ ਮੂੰਹ ਮੁੰਨਿਆ ਅਤੇ ਦਾੜ੍ਹੀ ਮੁੱਛਾਂ ਮੁਨਾ ਕੇ ਚਟਮ ਕਰਾਈ ਰਖਣ ਵਾਲਿਆਂ ਟੋਪੀ-ਪੋਸ਼ਾਂ ਤੇ ਲੰਗੋਟੀ-ਲਪੇਟਾਂ ਤੇੜ ਤੜਾਗੀ ਦੇ ਸ਼ੁਕੀਨਾਂ ਦਾ ਕਾਇਰ ਕ੍ਰਾਂਤੀ ਗਿੱਦੜ-ਗੁੰਮੀ ਪਹਿਰਾਵਾ। ਕਦੇ ਅਸਾਡਾ ਅਤੇ ਓਹਨਾਂ ਦਾ ਅਸਲ ਇਤਫ਼ਾਕ ਅਤੇ ਜੜ-ਮੂਲੀ ਜੋੜ ਹੋ ਸਕਦਾ ਹੈ? ਕਦੇ ਨਹੀਂ। ਕਦਾਚਿੱਤ ਨਹੀਂ।

**ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥...॥੧੯॥**

**(ਵਾਰ ਮਾਝ, ਮ: ੧, ਪੰਨਾ: ੧੪੫)**

ਸੰਸਾਰੀ ਸਾਰੇ ਆਨਮਤੀ ਮਨਮਤੀ ਹਨ ਅਤੇ ਭਗਤ ਹਨ ਖਾਲਸਾ ਜੀ, ਹਰੀ ਜਨ, ਜੋ ਪ੍ਰੇਮਾ ਭਗਤੀ ਦੇ ਜਾਨਣ-ਹਾਰ ਪੁਤਲੇ ਹਨ।

**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥੪॥੩॥**

**(ਰਾਗੁ ਸੋਰਠਿ ਬਾਣੀ ਭਗਤ ਕਬੀਰ ਜੀ ਕੀ ਘਰੁ ੧, ਪੰਨਾ: ੬੫੫)**

ਜਿਸ ਪ੍ਰੇਮਾ ਭਗਤੀ ਦੇ ਪ੍ਰੇਮ-ਮੰਡਲ ਵਿਚ ਖਾਲਸਾ ਖੇਡਦਾ ਹੈ, ਜਦੋਂ ਤੀਕ ਓਸੇ ਪ੍ਰੇਮ-ਮੰਡਲ ਦੇ ਦਾਇਰੇ ਅੰਦਰ ਸਾਰੇ ਆਨਮਤੀ ਨਹੀਂ ਆ ਜਾਂਦੇ, ਤਦ ਤੀਕ ਪੂਰਨ ਖਾਲਸ ਪ੍ਰੇਮ ਅਤੇ ਅਸਲੀ ਇਤਫ਼ਾਕ ਦੀ ਰੂਹ, ਤਾਰ ਨਹੀਂ ਫਿਰ ਸਕਦੀ। ਇਸ ਰੂਹ-ਤਾਰ ਦੇ ਫਿਰੇ ਬਿਨਾਂ ਓਪਰਾ ਇਤਫ਼ਾਕ ਇਤਫ਼ਾਕ ਕੂਕਣਾ ਕੀ ਅਰਥ ਰਖਦਾ ਹੈ? ਸਿਰਫ਼ ਇਹ ਜ਼ਾਹਰ ਕਰਨ ਲਈ ਕਿ ਸਭ ਦੇਸ਼-ਵਾਸੀਆਂ ਦਾ ਪਰਸਪਰ ਇਤਫ਼ਾਕ ਹੈ, ਇਕ ਅਸਥਾਨ, ਇਕ ਦਸਤਰਖ਼ਾਨ, ਇਕ ਟੇਬਲ ਅਤੇ ਇਕ ਤਸ਼ਤਰੀ ਉਤੇ ਇਕੱਠੇ ਬੈਠ ਕੇ ਭਿੰਨ ਭਿੰਨ ਮਤਾਂ ਵਾਲਿਆਂ ਦਾ ਖਾਨ ਪਾਨ ਇਕੱਠਾ ਕਰ ਲੈਣਾ ਇਕ ਢਕਵੰਜ ਹੈ। ਖ਼ਾਸ ਕਰ ਖਾਲਸਾ ਜੀ ਲਈ ਤਾਂ ਇਸ ਢਕਵੰਜ ਦੇ ਕੁਫੇਰ ਵਿਚ ਪੈਣਾ ਨੜਿੰਨਵੇ ਵਾਲਾ ਘਾਟਾ ਹੈ। ਕਿਉਂਕਿ

ਓਹ ਖਾਲਸਾ ਕੌਮ ਹੀ ਹੈ ਜਿਸ ਦੇ ਅੰਦਰਿ ਪਤਿਤ ਕਰਮਾਂ ਵਿਖੇ ਪਰਵਿਰਤ ਹੋਣ ਦੀ ਰੋਕ ਪਾਬੰਦੀ ਸੱਚੀ ਭੈ-ਭਾਵਨੀ ਕਰਕੇ ਹੈ। ਹੋਰ ਕੌਮਾਂ ਅੰਦਰਿ ਇਸ ਪਾਸਿਓਂ ਉੱਕੀ ਖੁਲ੍ਹ ਖੇਡ ਹੈ। ਕੋਈ ਕੌਮ ਐਸੀ ਹੈ ਜਿਸ ਦੇ ਅੰਦਰਿ ਜੇ ਕੋਈ ਪਰਤ੍ਰਿਆ-ਗਾਮੀ ਹੋਵੇ ਤਾਂ ਪਤਿਤ ਅਤੇ ਅਮਲੀ ਤੌਰ ਤੇ ਕੌਮ ਤੋਂ ਖ਼ਾਰਜ ਗਰਦਾਨਿਆ ਜਾਵੇ ? ਜੇ ਹੈ ਤਾਂ ਗੁਰਵਾਕ:

**ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾਲਾਜੀਅਹਿ ॥... ॥੮ ॥ ( ॥੨੩ ॥)**

**(ਫੁਨਹੇ ਮ: ੫, ਪੰਨਾ: ੧੩੬੨)**

ਕੋਈ ਕੌਮ ਦੁਨੀਆ ਦੇ ਤਖ਼ਤੇ ਉਤੇ ਹੈ ਜਿਸ ਦੇ ਅੰਦਰਿ ਜੇ ਕੋਈ ਧੂਮਰਪਾਨੀ ਬਿਖਿਆ-ਭਛੀ ਹੋ ਜਾਵੇ ਤਾਂ ਕੌਮ ਉਸ ਨੂੰ ਤਿਲਾਂਜਲੀ ਦੇ ਦੇਵੇ ? ਬਲਕਿ ਨੜਿੰਨਵੇਂ ਫ਼ੀ ਸਦੀ ਹਰ ਇਕ ਕੌਮ ਵਿਚ ਅਜਿਹੇ ਬਿਖਿਆ-ਪਾਨੀ ਹੋਣਗੇ। ਇਹ ਖਾਲਸਾ ਕੌਮ ਹੀ ਹੈ ਜਿਸ ਵਿਚ ਜੇ ਕੋਈ ਤਨਕ ਮਾਤਰ ਭੀ ਤਮਾਕੂ ਦਾ ਸੇਵਨਹਾਰ ਦਿਸ ਪਵੇ ਤਾਂ ਤਤਕਾਲ ਪੰਥ ਵਿਚੋਂ ਛੇਕਿਆ ਅਤੇ ਪਤਿਤ ਗਰਦਾਨਿਆ ਜਾਂਦਾ ਹੈ। ਬੜੇ ਅਸਚਰਜ ਦੀ ਗੱਲ ਹੈ ਕਿ ਤਮਾਕੂ ਦੇ ਤਨਖ਼ਾਹੀ ਸਿਖ ਤਾਂ ਪਤਿਤ ਕਰਮੀ ਸਮਝੇ ਜਾਣ ਕਰਕੇ ਪੰਥ ਵਿਚੋਂ ਖ਼ਾਰਜ ਕੀਤੇ (ਛੇਕੇ) ਜਾਣ ਅਤੇ ਖੁਲ੍ਹਮਖੁਲ੍ਹਾ ਤਮਾਕੂ ਵਰਤਣ ਭਖਣ-ਹਾਰਿਆਂ ਨਾਲ ਖਾਨ ਪਾਨ ਦੇ ਵਰਤਾਰੇ ਦੀ ਖੁਲ੍ਹ ਖੇਡ ਵਿਚ ਰੰਚਕ ਭੀ ਭੈ-ਭਰਮ ਨ ਰਖਿਆ ਜਾਵੇ।

ਕੀ ਇਹ ਚਗਲ ਪੰਥੀ ਹੋਣ ਦੇ ਕੁਲੱਛਣ ਨਹੀਂ ? ਕੀ ਇਹ ਗੁਰਮਤਿ ਅਸੂਲਾਂ ਤੋਂ ਬੇਮੁਖ ਹੋਣਾ ਨਹੀਂ? ਕੀ ਇਹ ਪਵਿੱਤਰ ਅੰਮ੍ਰਿਤ ਮਰਯਾਦਾ ਦੇ ਸਮੇਂ ਦ੍ਰਿੜ੍ਹਾਏ ਸ੍ਰੀ ਦਸਮੇਸ਼ ਜੀ ਦੇ ਹੁਕਮਾਂ ਨੂੰ ਲਤਾੜਨਾ ਨਹੀਂ ? ਅਤੇ ਇਸ ਬਿਧਿ ਏਹਨਾਂ ਹੁਕਮਾਂ ਨੂੰ ਰਹਿਤ ਰਹਿਣੀ ਦੇ "ਰਹਿਣੀ ਰਹੈ ਸੋਈ ਸਿਖ ਮੇਰਾ ॥" ਵਾਲੇ ਹੁਕਮਾਂ ਨੂੰ ਲਤਾੜਨਾ ਅੰਮ੍ਰਿਤਧਾਰੀ ਸਿੰਘ ਦੀ ਪਦਵੀ ਤੋਂ ਪਤਿਤ ਹੋਣਾ ਨਹੀਂ ? ਭੰਗ ਦੇ ਭਾੜੇ ਕਉਡੀ ਬਦਲੇ ਰਤਨ ਤਿਆਗਣ ਵਾਲੀ ਗੱਲ ਹੈ। ਖਾਨ ਪਾਨ ਦੀ ਸੁਖ-ਰਹਿਣੀ ਖੁਲ੍ਹ ਖੇਡ ਦੀ ਖ਼ਾਤਰ, ਲੋਕਾਚਾਰੀ ਇਤਫ਼ਾਕ ਦੇ ਪਰਪੰਚ-ਦਿਖਾਵੇ ਦੀ ਖ਼ਾਤਰ ਅਤੇ ਬਪੜੇ ਸੁਰਾਜ ਦੀ ਦੇਖਾ ਦੇਖੀ ਲਾਲਸਾ ਦੀ ਖ਼ਾਤਰ, ਲੋਕ ਪਰਲੋਕ ਦੇ ਸਹਾਈ, ਪ੍ਰਾਣੋਂ ਪਿਆਰੇ ਆਪਣੇ ਇਸ਼ਟ-ਅਸੂਲਾਂ ਨੂੰ ਧੱਕਾ ਦੇਣਾ ਕੰਚਨ ਬਦਲੇ ਕੋਇਲੇ ਦਾ ਬਿਹਾਜਣਾ ਹੈ।

ਜੇ ਸਾਰੀ ਤ੍ਰਿਲੋਕੀ ਦਾ ਐਸ਼੍ਵਰਜ ਭੀ ਮਿਲਦਾ ਹੋਵੇ ਓਸਦੇ ਬਦਲੇ ਗੁਰੂ ਕਾ ਸਿੰਘ ਬਿਬੇਕੀ ਗੁਰਮਤਿ ਅਸੂਲਾਂ ਦੀ ਕੁਰਬਾਨੀ ਕਦੇ ਨਹੀਂ ਕਰੇਗਾ। ਚਾਹੇ ਕਿਤਨੇ ਭੀ ਜਾਨ ਜੋਖੋਂ ਦੇ ਕਸ਼ਟਾਂ ਦਾ ਟਾਕਰਾ (ਮੁਕਾਬਲਾ) ਕਰਨਾ ਪਵੇ, ਪਰ ਗੁਰੂ ਕਾ ਸਚਿਆਰ ਸਿੰਘ ਬਿਬੇਕੀ ਆਪਣੇ ਬਿਬੇਕ ਅਸੂਲਾਂ ਤੋਂ ਕਦੇ ਨਹੀਂ ਥਿੜੇ ਥਿੜਕੇਗਾ।

ਇਤਫ਼ਾਕ ਅਤੇ ਪ੍ਰੇਮ ਦਾ ਪਰਖ-ਪਰਤਾਵਾ ਖਾਨ ਪਾਨ ਦੇ ਚਗਲ-ਘਚੋਲੇ ਵਿਚ ਨਹੀਂ (ਇਹ ਮਹਿਜ਼ ਮੁਲੰਮਾ ਪਾਜ ਹੈ ਅਤੇ ਲੋਕਾਚਾਰੀ ਦਿਖਾਵਾ ਹੈ), ਕਿੰਤੂ ਪ੍ਰੇਮ ਭਰੀ ਹਮਦਰਦੀ ਵਾਲੀ ਸਹਾਇਤਾ ਵਿਚ ਹੈ।

ਗੁਰੂ ਸਾਹਿਬ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਅਸਮਰੱਥ ਅਤੇ ਮਜ਼ਲੂਮ ਆਨਮਤੀਆਂ ਦੀ ਫ਼ਰਿਆਦ ਸੁਣ ਕੇ ਦਿੱਲੀ ਸੀਸ ਜਾ ਅਰਪਣ ਕੀਤਾ। ਦਰਦਵੰਦਾਂ ਦੀਆਂ ਦਰਦ ਭਰੀਆਂ ਫ਼ਰਿਆਦਾਂ ਜਦੋਂ ਜਦੋਂ ਭੀ ਗੁਰੂ ਪੰਥ ਪਾਸ ਪੁਜੀਆਂ, ਤੁਰਤ ਖਾਲਸਾ ਜੀ ਨੇ ਸਹਾਇਤਾ ਕੀਤੀ। ਹਿੰਦੂਆਂ ਦੀਆਂ ਬਹੂ ਬੇਟੀਆਂ ਜਰਵਾਨਿਆਂ ਪਾਸੋਂ ਅਨੇਕ ਵਾਰ ਛੁਡਾਈਆਂ ਅਤੇ ਆਪੋ ਆਪਣੇ ਘਰੀਂ ਸਹੀ ਸਲਾਮਤ ਪੁਚਾਈਆਂ। ਕੀ ਏਸ ਤੋਂ ਵਧ ਕੇ ਪ੍ਰੇਮ ਦੀ ਇਤਫ਼ਾਕ ਭਰੀ ਅੰਸ਼ ਸਪਿਰਟ ਦਾ ਉਦਾਹਰਣੀ ਨਮੂਨਾ ਕੋਈ ਮਿਲ ਸਕਦਾ ਹੈ ?

ਅਸਲ ਬਾਤ ਇਹ ਹੈ, ਜਿਸ ਕੌਮ ਅੰਦਰ ਧਰਮ ਭਾਵ ਅਤੇ ਪਰਉਪਕਾਰ ਦਾ ਮਾਦਾ ਕੁਟ-ਕੁਟ ਕੇ ਭਰਿਆ ਹੋਵੇ ਉਸਦੇ ਅੰਦਰ ਸੁਤੇ ਸੁਭਾਵ ਹੀ ਪ੍ਰੇਮ ਭਰੀ ਹਮਦਰਦੀ ਦੇ ਵਲਵਲੇ ਫੁੱਟ ਫੁੱਟ ਕੇ ਨਿਕਲਦੇ ਹਨ। ਜੋ ਪ੍ਰਾਣੀ ਮਾਤਰ ਨੂੰ ਪ੍ਰੇਮ-ਦ੍ਰਿਸ਼ਟੀ ਨਾਲ ਦੇਖਦੇ ਹਨ, ਉਹ ਸਭਨਾਂ ਦਾ ਭਲਾ ਮਨਾਉਂਦੇ ਹਨ ਅਤੇ ਬੁਰਾ ਕਿਸੇ ਦਾ ਭੀ ਨਹੀਂ ਚਿਤਵਦੇ ਤੇ ਲੋਚਦੇ। ਬਸ, ਇਤਫ਼ਾਕ ਅਤੇ ਪ੍ਰੇਮ ਦੀ ਸੱਚੀ ਨੀਂਹ ਧਰਮ ਉਤੇ ਹੈ। ਜਿਸਦੇ ਅੰਦਰਿ ਧਰਮ ਨਹੀਂ, ਉਸਦੇ ਰਿੰਦਤਰਿ ਉਪਰਲੀ ਪੋਚਾ ਪਾਚੀ ਨਾਲ ਪ੍ਰੇਮ ਇਤਫ਼ਾਕ ਨਹੀਂ ਵਸ ਧਸ ਸਕਦਾ। ਨਿਗੋਸਾਇਆਂ, ਧਰਮ-ਹੀਣ ਬੇਦੀਨ ਪੁਰਸ਼ਾਂ ਦੇ ਨਾਲ ਧਰਮ ਪੁੰਜ ਖਾਲਸਾ ਜੀ ਦਾ ਖਾਨ ਪਾਨ ਵਰਤੋਂ ਵਿਹਾਰ ਇਕਮਿਕ ਕਰ ਦੇਣਾ ਆਪਣੀ ਧਰਮ-ਕਲਾ ਦਾ ਨਾਸ ਕਰ ਦੇਣਾ ਹੈ। ਜਿਥੇ ਧਰਮ-ਕਲਾ ਨਹੀਂ ਉਥੇ ਪ੍ਰੇਮ ਨਹੀਂ, ਉਥੇ ਇਤਫ਼ਾਕ ਦਾ ਨਮੂਦ ਨਹੀਂ, ਉਥੇ ਕਲਹ ਕ੍ਰੋਧ ਵੈਰ ਵਿਰੋਧ ਪਰਧਾਨ ਹਨ। ਉਥੇ ਤ੍ਰਿਸ਼ਨਾ ਦਾ ਰਾਜ ਹੈ। ਉਥੇ ਖ਼ੁਦਗਰਜ਼ੀ ਪ੍ਰਬਲ ਹੈ। ਉਥੇ ਖ਼ੁਦੀ ਬਖ਼ੀਲੀ ਤਕੱਬਰੀ ਦਾ ਪਾਪ-ਵਰਤਾਰਾ ਹੈ। ਇਹ ਸਾਰੀਆਂ ਬਲਾਵਾਂ ਓਥੇ ਪੈਂਦੀਆਂ ਹਨ ਜਿਥੇ ਧਰਮ-ਕਲਾ ਨਹੀਂ ਰਹਿੰਦੀ। ਅਤੇ ਇਹ ਧਰਮ-ਕਲਾ ਧਰਮ-ਹੀਣ ਬੇਦੀਨ ਪੁਰਸ਼ਾਂ ਦੇ ਨਾਲ ਖਾਨ ਪਾਨ ਰੂਪੀ ਵਰਤੋਂ ਵਿਹਾਰ ਕਰਨ ਕਰ ਉਡਦੀ ਹੈ ਅਤੇ ਇਸਦੇ ਉਡਣ ਕਰਿ ਤੇਜ ਪ੍ਰਤਾਪ ਭੀ ਉਡ ਜਾਂਦਾ ਹੈ। ਇਹ ਤੇਜ ਪ੍ਰਤਾਪ ਬੇਦੀਨ ਧਰਮ-ਹੀਣ ਆਨਮਤੀਆਂ ਤੋਂ ਨਿਆਰਾ ਰਹਿਣ ਕਰਿ, ਸਾਰੇ ਦਾ ਸਾਰਾ ਜਿਉਂ ਕਾ ਤਿਉਂ ਕਾਇਮ ਦਾਇਮ ਰਹਿੰਦਾ ਹੈ। ਸਗੋਂ ਦਿਨੋ-ਦਿਨ ਚੜ੍ਹਦੀ ਕਲਾ ਵਿਚ ਵਧਦਾ ਜਾਂਦਾ ਹੈ। ਜੋ ਜਨ ਗੁਰੂ ਦੇ ਸਿਖ ਸਦਾ ਕੇ ਗੁਰੂ ਕੇ ਬਚਨਾਂ, ਗੁਰੂ ਕੇ ਹੁਕਮਾਂ ਦੀ ਪ੍ਰਤੀਤ ਨਹੀਂ ਕਰਦੇ ਅਤੇ ਬਿਪਰਾਵੀ ਆਨਮਤੀ ਰੀਤ ਗ੍ਰਹਿਣ ਕਰਦੇ ਹਨ, ਉਹਨਾਂ ਪ੍ਰਥਾਇ ਹੀ ਸ੍ਰੀ ਦਸਮੇਸ਼ ਜੀ ਉਚਾਰਦੇ ਹਨ:

**"ਮੈਂ ਨ ਕਰੋਂ ਇਨ ਕੀ ਪ੍ਰਤੀਤ ॥"**

ਅੰਮ੍ਰਿਤ ਛਕਣ ਸਮੇਂ ਜੋ ਰਹਿਤ-ਰਹਿਣੀਆਂ ਗੁਰੂ ਪੰਜਾਂ ਪਿਆਰਿਆਂ ਵਲੋਂ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਦ੍ਰਿੜ੍ਹਾਈਆਂ ਜਾਂਦੀਆਂ ਹਨ, ਉਹ ਗੁਰੂ ਕੇ ਹੁਕਮ ਹਨ, ਗੁਰੂ ਦਸਮੇਸ਼ ਜੀ ਦੇ ਖ਼ਾਸ ਹੁਕਮ ਹਨ, ਜੋ ਸੀਨਾ ਬਸੀਨਾ ਗੁਰੂ ਪੰਥ ਅੰਦਰ ਸ਼ਰਧਾ ਪੂਰਬਕ ਦ੍ਰਿੜ੍ਹ ਧਾਰਨਾ ਸਹਿਤ ਪ੍ਰਚੁਰ ਹੁੰਦੇ ਚਲੇ ਆਏ ਹਨ, ਜਿਨ੍ਹਾਂ ਤੋਂ ਕੋਈ ਸਚਿਆਰ ਸਿਖ ਬੇਮੁਖ (ਮੁਨਹਰਫ਼) ਨਹੀਂ ਹੋ ਸਕਦਾ। ਉਹਨਾਂ ਹੁਕਮਾਂ ਵਿਚੋਂ ਇਕ ਖ਼ਾਸ ਹੁਕਮ ਇਹ ਹੈ ਕਿ ਸਿਰ-ਗੁੰਮ (ਮੂੰਹ ਸਿਰ ਮੁੰਨੇ ਮੋਨੇ), ਨੜੀ-ਮਾਰ, ਕੁੜੀ-ਮਾਰ, ਮੀਣੇ, ਮਸੰਦ ਆਦਿਕ ਆਨਮਤੀਆਂ ਨਾਲ ਨਹੀਂ ਵਰਤਣਾ, ਅਰਥਾਤ, ਉਹਨਾਂ ਦੇ ਨਾਲ ਰੋਟੀ ਬੇਟੀ ਦੀ ਸਾਂਝ ਨਹੀਂ ਰਖਣੀ। ਨਾ ਵਰਤਣ ਦਾ ਮੁਖ ਮਤਲਬ ਰੋਟੀ ਬੇਟੀ ਦੀ ਸਾਂਝ ਨਾ ਰਖਣ ਦਾ ਹੈ ਅਤੇ ਇਹ ਭਾਵ ਉਸ ਸਮੇਂ ਸਪੱਸ਼ਟ ਕਰਾਇਆ ਜਾਂਦਾ ਹੈ। ਇਸ ਹੁਕਮ ਰੂਪੀ ਬਚਨ ਉਪਰ ਜੋ ਜਨ ਸਿਖ ਹੋਣ ਦੀ ਹੈਸੀਅਤ ਵਿਚ ਨਹੀਂ ਚਲਦੇ, ਭਾਵ, ਜੋ ਸਿਖ ਇਸ ਗੁਰੂ ਕੇ ਹੁਕਮ ਨੂੰ ਨਹੀਂ ਕਮਾਂਵਦੇ, ਉਹ ਸਚਿਆਰ ਸਿਖ ਵਾਲੀ ਬਿਬੇਕ ਪੂਰਤ ਪਦਵੀ ਤੋਂ ਹੇਠਾਂ ਡਿਗੇ ਹੋਏ ਹਨ। ਗੁਰਸਿੱਖੀ ਦੀ ਬਿਬੇਕ-ਕਮਾਈ ਦਾ ਪ੍ਰਾਰੰਭ ਹੁੰਦਾ ਹੀ ਏਥੋਂ ਹੈ ਕਿ: "ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥" ਦੇ ਬਿਬਰਜਤ ਹੁਕਮ ਸੰਦੀ ਆਨਮਤੀਆਂ ਦੇ ਨਾਲ ਰੋਟੀ ਬੇਟੀ ਦੀ ਸਾਂਝ ਵਰਤੋਂ ਨਾ ਰਖੀ ਜਾਵੇ। ਜੋ ਗੁਰਸਿਖ ਅੰਮ੍ਰਿਤ ਛਕਣ ਸਾਰ ਹੀ ਆਨਮਤੀਆਂ ਵਿਚ ਜਾ ਖਚਿਤ ਹੋਇਆ, ਉਸ ਦੀ ਆਤਮ-ਰੰਗਾਂ ਦੀ ਚੜ੍ਹਦੀ ਕਲਾ ਹੋ ਹੀ ਨਹੀਂ ਸਕਦੀ। ਉਸ ਦਾ ਤੇਜ ਪ੍ਰਤਾਪ ਕੀ ਵਧਣਾ ਸੀ ਅਤੇ ਉਸ ਦਾ ਤੇਜ ਪ੍ਰਤਾਪੀ ਖਾਲਸਈ ਜੁੱਸਾ ਕਿਥੋਂ ਕਰਾਰਾ ਹੋਣਾ ਸੀ, ਜਦ ਓਹ ਧਰਮ-ਹੀਣ ਬੇਦੀਨਾਂ ਵਿਚ ਮਿਲਗੋਭਾ ਜਾ ਹੋਇਆ। ਪ੍ਰੰਤੂ ਜਿਸ ਗੁਰਸਿਖ ਪਿਆਰੇ, ਗੁਰੂ-ਸਵਾਰੇ ਜਗਿਆਸੂ ਨੂੰ ਪੂਰਨ ਪ੍ਰੇਮ ਹੈ, ਆਤਮ-ਰੰਗ ਦੀਆਂ ਉਚਿਆਈਆਂ

ਵਿਚ ਖੇਡਣ ਦੀ ਜਿਸ ਸਿੰਘ ਸੁਚਿਆਰ ਨੂੰ ਸੱਚੀ ਸ਼ਰਧਾ ਹੈ, ਨਾਮ ਦੇ ਜੋਤਿ-ਵਿਗਾਸੀ, ਤੇਜ ਪ੍ਰਤਾਪੀ ਰੰਗ ਮਾਨਣ ਦਾ ਜਿਸ ਸਿਦਕਵਾਨ ਸਿੰਘ ਸੂਰਮੇ ਨੂੰ ਦ੍ਰਿੜ੍ਹ ਵਿਸ਼ਵਾਸ ਭਰੋਸਾ ਹੈ, ਗੁਰੂ ਦੀਆਂ ਝਾਲਾਂ ਝਲਣ ਦਾ ਅਤੇ ਗੁਰੂ ਦੇ ਹੁਕਮਾਂ ਦੀਆਂ ਕਮਾਈਆਂ ਕਰਨ ਦਾ ਓਹ ਹੁਕਮੀ ਬੰਦਾ ਬਿਬੇਕੀ ਸਿਖ ਏਸ ਹੁਕਮ ਨੂੰ ਹੁਕਮ ਮਿਲਣ ਸਾਰ ਹੀ ਕਮਾਵਣ ਲੱਗ ਪੈਂਦਾ ਹੈ। ਅਜਿਹੇ ਬਿਬੇਕੀ ਜਨਾਂ ਦੀਆਂ ਕਰਨੀਆਂ ਕਮਾਈਆਂ ਨੂੰ ਮਨ-ਬਾਂਛਤ ਰੰਗ ਫਲ ਲਗਣ ਲਗ ਪੈਂਦੇ ਹਨ। ਜਿਉਂ ਜਿਉਂ ਇਹ ਰੰਗ ਲਗਦੇ ਹਨ, ਤਿਉਂ ਤਿਉਂ ਓਹਨਾਂ ਦੀ ਸ਼ਰਧਾ ਹੋਰ ਵਧਦੀ ਜਾਂਦੀ ਹੈ। ਅਜਿਹੇ ਬਿਬੇਕੀ ਜਨਾਂ ਦੀਆਂ ਕਰਨੀਆਂ ਬਿਬੇਕ ਕਮਾਈਆਂ ਕਰਕੇ ਅੱਜ ਤੀਕ ਖਾਲਸਾ ਪੰਥ ਦੀ ਨਿਰਾਲੀ ਹਸਤੀ ਵਾਲੀ ਸ਼ਾਨ ਕਾਇਮ ਹੈ, ਨਹੀਂ ਤਾਂ ਆਨ ਕੌਮਾਂ, ਖ਼ਾਸ ਕਰ ਹਿੰਦੂ ਕੌਮ ਵਿਚ ਖਪ ਖੁਰ ਜਾਣੀ ਸੀ। ਅਜੇ ਭੀ ਬਹੁਤ ਸਾਰੇ ਅਜਿਹੇ ਸਿਖ ਮੌਜੂਦ ਹਨ ਕਿ ਕੇਸਾਧਾਰੀ ਅੰਮ੍ਰਿਤ-ਧਾਰੀ ਹੁੰਦੇ ਹੋਏ ਭੀ ਮਰਦੁਮ ਸ਼ੁਮਾਰੀ ਵਿਚ ਆਪਣੇ ਆਪ ਨੂੰ ਹਿੰਦੂ ਲਿਖਾਉਂਦੇ ਹਨ। ਵਜਹ ਕੀ? ਵਜਹ ਇਹ ਹੈ ਕਿ ਉਹਨਾਂ ਦੀ ਵਰਤੋਂ ਵਿਉਹਾਰ ਅਤੇ ਸੰਸਕਾਰ ਅਜੇ ਹਿੰਦੂਆਂ ਵਾਲੇ ਹਨ। ਉਹਨਾਂ ਦੀ ਰੋਟੀ ਬੇਟੀ ਦੀ ਸਾਂਝ ਹਿੰਦੂਆਂ ਨਾਲ ਹੈ। ਜਦ ਤਾਈਂ ਰੋਟੀ ਬੇਟੀ ਦੀ ਸਾਂਝ ਖਾਲਸੇ ਦੀ ਖਾਲਸੇ ਨਾਲ ਨਹੀਂ ਹੁੰਦੀ, ਤਦ ਤਾਈਂ ਵਖਰੀ ਅਤੇ ਨਿਰਾਲੀ ਵਿਲੱਖਣ ਕੌਮ ਦੀ ਹਸਤੀ ਵਿਚ ਚੜ੍ਹਦਾ ਚਮਕਦਾ ਅਤੇ ਫਲਦਾ ਫੁਲਦਾ ਖਾਲਸਾ ਪੰਥ ਕਦੇ ਨਜ਼ਰ ਨਹੀਂ ਆਵੇਗਾ। ਅਗੇ ਤਾਂ ਬੇਦੀ ਮਤ ਦੀ ਸ਼੍ਰੇਣੀ ਵਾਲਿਆਂ ਦਾ ਆਨਮਤੀਆਂ ਵਿਚ ਘੁਲਮਿਲ-ਘਿਚ ਵਾਸ ਹੋਣ ਕਰਕੇ ਹਿੰਦੂਆਂ ਨਾਲ ਖਾਨ ਪਾਨ ਦੀ ਖੁਲ੍ਹ-ਖੇਡ ਖਾਲਸੇ ਜੀ ਨੂੰ ਖਾਈ ਜਾਂਦੀ ਸੀ, ਹੁਣ ਮਗ਼ਰਬੀ ਅਵਿਦਿਆ ਦੀ ਤਾਰੀਕੀ ਛਾ ਜਾਣ ਕਰਕੇ ਅਤੇ ਕਤੇਬੀ ਮਤ ਦੇ ਕੁਸੰਗ ਦੀ ਕੁਚੀਲਤਾ ਧਾ ਜਾਣ ਕਰਕੇ ਅਤੇ ਈਸਾਈਆਂ, ਮੂਸਾਈਆਂ, ਮੁਹੰਮਦੀਆਂ ਆਦਿਕ ਇਤਰ ਕੌਮਾਂ ਨਾਲ ਖਾਨ ਪਾਨ ਦਾ ਕੋਈ ਭਰਮ ਭੇਦ ਨਾ ਰਹਿਣ ਕਰਕੇ ਖਾਲਸਾ ਜੀ ਦੇ ਤੇਜ ਪ੍ਰਤਾਪ ਮਈ ਧਰਮ ਦੀ ਆਨ ਕਾਨ ਅਤੇ ਸ਼ਾਨ ਖੀਨ ਖ਼ਰਾਬ ਤੇ ਖੁਆਰ ਹੋ ਰਹੀ ਹੈ।

ਅਸਾਡੇ ਲਈ ਬੇਦੀ ਕਤੇਬੀ ਮਤ ਦੋਈ ਅੰਨ੍ਹੇ ਕਾਣੇ ਹਨ। ਜੋ ਦੋਹਾਂ ਵਿਚੋਂ ਖਾਲਸਾ (ਗਿਆਨੀ) ਸਜ ਕੇ (ਅੰਨ੍ਹੇ ਕਾਣਿਓਂ) ਸਿਆਣਾ ਹੋ ਜਾਏ, ਉਨ੍ਹਾਂ ਦੇ ਨਾਲ ਅਸੀਂ ਅਭੇਦ ਵਰਤਾਂਗੇ। ਨਹੀਂ ਤਾਂ ਦੋਹਾਂ ਤੋਂ ਭਿੰਨ ਸਿਆਣੇ ਖਾਲਸੇ ਦੇ ਵਰਤੋਂ ਵਰਤਾਰੇ ਦਾ ਰਾਹ ਭੇਦ ਨਿਰਾਲਾ ਹੈ। ਬੇਦੀ ਮਤ ਵਾਲਿਆਂ ਨਾਲ ਅਭੇਦ ਅਤੇ ਕਤੇਬੀ ਮਤ ਵਾਲਿਆਂ ਨਾਲ ਭੇਦ ਕਿਉਂ? ਅਤੇ ਦੋਹਾਂ ਦਾ ਭੇਦ ਮਿਟਾਵਣ ਲਈ ਦੋਹਾਂ ਨਾਲ ਹੀ ਖਾਨ ਪਾਨ ਦੀ ਵਰਤੋਂ ਵਿਹਾਰ ਕਰਨਾ ਚਗਲ ਹੋਣਾ ਹੈ। ਦੋਹੂੰ ਕਪਟ-ਪੰਥੀਆਂ ਤੋਂ ਖਾਨ ਪਾਨ ਦੀ ਵਰਤੋਂ ਵਿਹਾਰ ਵਿਚ ਅਟੰਕ (ਅਲਹਿਦਾ) ਰਹਿਣਾ ਛੂਤ ਛਾਤ ਵਾਲਾ ਭਰਮ-ਭੇਦ ਨਹੀਂ, ਬਲਕਿ ਆਪਣੇ ਅਸੂਲ ਦੀ ਪਾਲਣਾ ਪੈਰਵੀ ਕਰਨਾ ਹੈ। ਛੂਤ ਛਾਤ ਦੀ ਕਾਣ ਉਥੇ ਹੈ ਜਿਥੇ ਜਨਮ ਜਾਤੀ ਦਾ ਅਭਿਮਾਨ ਹੋਵੇ; ਛੂਤ ਛਾਤ ਦੀ ਨਫ਼ਰਤ-ਆਮੇਜ਼ (ਘ੍ਰਿਣਾ ਵਾਲੀ) ਕਾਣ ਓਥੇ ਹੈ ਜਿਥੇ ਅਛੂਤ ਜਾਤੀਆਂ ਨੂੰ ਉਭਾਰ ਕੇ ਅਭੇਦ ਕਰਨ ਵਿਚ ਹੀਲ ਹੁੱਜਤ ਅਤੇ ਸੰਕੋਚ ਕੀਤੀ ਜਾਵੇ। ਬਿਨਾਂ ਉਭਾਰੇ ਕਿਸੇ ਭੀ ਜਨਮ ਜਾਤ ਦੇ ਪ੍ਰਾਣੀ ਨਾਲ ਅਭੇਦ ਵਰਤਣਾ ਉਸ ਪ੍ਰਾਣੀ ਨੂੰ ਉਭਾਰਨਾ ਨਹੀਂ, ਪ੍ਰੰਤੂ ਆਪ ਹੀ ਉਸ ਪ੍ਰਾਣੀ ਦੇ ਫੋਕਟ ਕਰਮੀ ਜਾਤ ਜਨਮ ਵਾਲੇ ਧਰਮ ਕਰਮ ਦੇ ਪਾਖੰਡ-ਭਰਮ ਵਿਚ ਅਭੇਦ ਹੋ ਕੇ ਚੁਰਾਸੀ ਦੇ ਗੇੜ ਵਿਚ ਪੈਣਾ ਹੈ। ਦੁਨਿਆਵੀ ਰੀਫ਼ਾਰਮਰਾਂ ਨੇ ਨੀਚ ਜਾਤੀਆਂ ਦੇ ਨਾਲ ਅਭੇਦ ਖਾਨ ਪਾਨ ਕਰਨਾ ਉਹਨਾਂ ਦੇ ਉਭਾਰਨ ਦਾ ਮਸਲਾ ਸਮਝਿਆ ਹੋਇਆ ਹੈ ਅਤੇ ਨੀਚ ਜਾਤੀਆਂ ਨੇ ਭੀ ਆਪਣਾ ਉਭਰਨਾ ਏਸੇ ਗੱਲ ਵਿਚ ਸਮਝ ਛਡਿਆ ਹੈ ਕਿ ਉਚ ਜਾਤੀਆਂ ਵਾਲਿਆਂ ਨਾਲ ਉਹਨਾਂ ਦੀ ਅਭੇਦ ਵਰਤੋਂ ਹੋ ਜਾਏ। ਗੁਰਮਤਿ ਅੰਦਰ ਇਸ ਪ੍ਰਕਾਰ ਦਾ ਉਭਰਨਾ ਉਭਾਰਨਾ ਪ੍ਰਮਾਣੀਕ ਨਹੀਂ। 'ਅੰਮ੍ਰਿਤ ਨਾਮ' ਦੇ ਜੀਅ ਦਾਨ ਦੀ ਜੀਵਨ-ਬੂਟੀ ਦੇ ਹਰ ਇਕ ਜਨਮ ਜਾਤੀ ਦੇ ਜੀਵ ਮਾਤਰ ਮਨੁਸ਼ ਮਾਤਰ ਦੇ ਜੀਵਨ ਨੂੰ ਅਮਰੀ ਜੀਵਨ ਵਿਚ ਸੁਰਜੀਤ ਕਰ ਦੇਣਾ ਅਸਲ ਉਭਾਰਨਾ ਹੈ। ਕਿਸੇ ਪ੍ਰਾਣੀ ਦਾ ਉਭਰਨਾ ਉਭਾਰਨਾ ਓਹ ਹੈ, ਜਿਸ ਕਰਕੇ ਉਸਦਾ ਉਧਾਰ ਹੋ ਜਾਵੇ। ਇਸ ਬਿਧਿ ਅਮਰੀ ਜੀਵਨ ਵਿਚ ਸੁਰਜੀਤ ਹੋ ਕੇ ਜੋ ਉਭਰੇ ਉਧਰੇ ਹਨ, ਓਹਨਾਂ ਦੇ ਨਾਲ ਖਾਨ ਪਾਨ ਅੰਦਰਿ ਅਭੇਦ ਵਰਤਣਾ ਸੱਚਾ ਪ੍ਰੇਮ-ਬਿਵਹਾਰ ਹੈ। ਇਹ ਅਭੇਦ ਵਰਤੋਂ ਵਾਲਾ ਪ੍ਰੇਮ-ਬਿਵਹਾਰ ਉਧਾਰ ਦੇ ਤਾਬੇ ਹੈ, ਨਾ ਕਿ ਉਧਾਰ ਅਭੇਦ ਬਿਵਹਾਰ ਦੇ ਤਾਬੇ? ਉਧਾਰ ਬਿਹੂਣ ਅਭੇਦ ਬਿਵਹਾਰ ਕਰਨ ਵਿਚ ਦੋਹਾਂ ਦਾ ਵਿਗਾੜ ਹੈ। ਅਭੇਦ ਕਰਨ ਵਾਲਿਆਂ ਦਾ ਭੀ ਅਤੇ ਅਭੇਦ ਹੋਣਹਾਰਿਆਂ ਦਾ ਭੀ। ਅਭੇਦ ਹੋਣ ਵਾਲਿਆਂ ਦਾ ਤਾਂ ਇਸ ਲਈ ਕਿ ਓਹਨਾਂ ਦਾ ਕੁਛ ਸੌਰਦਾ ਨਹੀਂ ਅਤੇ ਬਿਨਾਂ ਸੰਵਰੇ ਦੇ ਆਪਣੇ ਆਪ ਵਿਚ ਫੂਲਿ ਫੂਲਿ ਬਹਿੰਦੇ ਹਨ ਅਤੇ ਬਹਿ ਬਹਿ ਬਫਾਉਂਦੇ ਹਨ ਕਿ ਅਸੀਂ ਕੁਛ ਬਣ ਗਏ। ਬਣਦਾ ਬੁਣਦਾ ਓਹਨਾਂ ਦਾ ਕੱਖ ਭੀ ਨਹੀਂ, ਨਿਰਾ ਹੰਕਾਰ ਹੀ ਵਧਦਾ ਹੈ। ਬਿਨਾ ਕੁਛ ਬਣੇ ਸੰਵਰੇ ਤੇ ਐਵੇਂ ਵਾਧੂ ਬਫਾਉਣਾ, ਬਿਨ ਗੁਣ ਗਰਬ ਕਰਨਾ ਹੈ ਅਤੇ :

**ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥੧੫॥ ( ॥੨੭॥)**


**(ਸਲੋਕ ਵਾਰਾਂ ਤੇ ਵਧੀਕ, ਮ: ੧, ਪੰਨਾ: ੧੪੧੧)**

ਗੁਰਵਾਕ ਦੇ ਭਾਵ ਅਨੁਸਾਰ ਅਸਲ ਖਰ (ਗਧਾ) ਬਣਨਾ ਹੈ। ਅਭੇਦ ਕਰਨਹਾਰਿਆਂ ਦਾ ਬਿਗਾੜ ਇਸ ਲਈ ਹੈ ਕਿ ਉਹ ਆਪਣੇ ਧਰਮ ਅਸੂਲ ਤੋਂ ਗਿਰਦੇ ਹਨ ਅਤੇ ਜਿਨ੍ਹਾਂ ਦੀ ਖ਼ਾਤਰ ਗਿਰਦੇ ਹਨ, ਉਹਨਾਂ ਦਾ ਕੁਛ ਸੌਰਦਾ ਨਹੀਂ। ਸਗੋਂ ਉਕਤ ਧਰਮ-ਹੀਣ ਬੇਦੀਨ ਪੁਰਸ਼ਾਂ ਨਾਲ ਅਭੇਦ ਖਾਣ ਕਰਕੇ ਉਹਨਾਂ ਦੀ ਧਰਮ-ਹੀਨਤਾ ਬੇਦੀਨਤਾ ਦਾ ਲਛਣ ਲੇਸ ਆਪਣੇ ਆਪ ਨੂੰ ਲਾਉਂਦੇ ਹਨ। ਕੌਮੀ ਇਤਫ਼ਾਕ ਵਾਲੀ ਪਾਜ-ਲਾਲਸਾ ਭੀ ਪੂਰੀ ਨਹੀਂ ਹੁੰਦੀ। ਸਾਨੂੰ ਬੰਦੀਖ਼ਾਨਿਆਂ ਅੰਦਰ ਬੈਠਿਆਂ ਦੂਰ-ਧਿਆਨੀਆਂ ਨੂੰ ਇਸ ਗੱਲ ਦਾ ਪਤਾ ਲਗ ਕੇ ਬੜਾ ਹੀ ਸ਼ੋਕ ਉਤਪੰਨ ਹੋਇਆ ਹੈ ਕਿ ਇਸ ਪਾਜ-ਇਤਫ਼ਾਕ ਦੇ ਪਰਪੰਚ-ਦਿਖਾਵੇ ਲਈ ਹਿੰਦੂ ਮੁਸਲਮਾਨਾਂ ਅਤੇ ਸਿੱਖਾਂ ਆਦਿਕ ਸਰਬਤ੍ਰ ਕੌਮਾਂ ਦੇ ਇਤਫ਼ਾਕ ਪਾਜਲੀ ਅਤੇ ਚਗਲ ਨਸ਼ਰੀ ਚੌਧਰੀਆਂ ਨੇ ਇਕੋ ਟੇਬਲ-ਅਸਥਾਨੀ ਦਸਤਰਖ਼ਾਨ ਤੇ ਬੈਠ ਕੇ ਪਰਸਪਰ ਜੂਠ-ਪਿਆਲੇ ਪੀਤੇ ਹਨ। ਮੁਖ ਮੰਤਵੀ ਮਹਾਤਮਕ ਪਾਲਿਸੀ ਕੇਵਲ ਮੁਹੰਮਦੀਆਂ ਨੂੰ ਖ਼ੁਸ਼ ਕਰਨ ਦੀ ਅਤੇ ਓਹਨਾਂ ਨਾਲ ਅਭੇਦਤਾਈ ਜ਼ਾਹਰ ਕਰਿ, ਇਕ ਮਿਕ ਹੋਣ ਦੀ ਪ੍ਰਤੀਤ ਹੁੰਦੀ ਹੈ। ਪ੍ਰੰਤੂ ਵਿਦਿਤ ਰਹੇ ਕਿ ਜੋ ਮੁਹੰਮਦੀ ਲੀਡਰ ਅੱਜ ਕਲ੍ਹ ਮਹਾਤਮਾ ਜੀ ਦੀ ਮੁੱਛ ਦਾ ਵਾਲ ਬਣੇ ਹੋਏ ਦਿਸਦੇ ਹਨ ਓਹਨਾਂ ਨੇ ਆਪਣੀ ਖ਼ਿਲਾਫ਼ਤੀ ਖ਼ੁਦਗ਼ਰਜ਼ੀ ਦਾ ਮਤਲਬ ਕਢ ਕੇ ਤੋਤਾ-ਚਸ਼ਮ ਹੋ ਜਾਣਾ ਹੈ ਅਤੇ ਹਿੰਦੂ ਮੁਸਲਮਾਨਾਂ ਦਾ ਉਹ ਜੂਤ ਖੜਕਣਾ ਹੈ ਕਿ ਰਹੇ ਰੱਬ ਦਾ ਨਾਉਂ। ਛੂਤ ਉਧਾਰ ਦਾ ਸਵਾਲ ਜੋ ਅੱਜ ਕਾਂਗਰਸ ਜਿਹੀ ਨਿਰੋਲ ਪੁਲੀਟੀਕਲ ਬਾਡੀ ਦੇ ਪਲੈਟ ਫ਼ਾਰਮ ਤੇ ਆਣ ਚੜ੍ਹਿਆ ਹੈ, ਏਸੇ ਨੇ ਹੀ ਸਾਰੀਆਂ ਫਿਟੜੀਆਂ ਦਾ ਫੋੜ ਬਣਨਾ ਹੈ। ਬਿਗੜ-ਧਰਮੀਆਂ ਦੇ ਧਰਮ ਦਾ ਤਾਂ ਬਿਗੜਨਾ ਹੀ ਕੁਛ ਨਹੀਂ, ਕਿਉਂਕਿ ਉਹ ਤਾਂ ਪਹਿਲਾਂ ਹੀ ਬਿਗੜ-ਧਰਮੀ ਹਨ। ਹਾਂ, ਪੁਲੀਟੀਕਲ ਜੂਤ ਜ਼ਰੂਰ ਖੜਕੇਗਾ ਅਤੇ ਜੰਗਲ ਇਤਫ਼ਾਕੀ ਮਸਲੇ ਦਾ ਪਾਜ ਭੀ ਉਘੜੇਗਾ। ਪ੍ਰੰਤੂ ਨਿੱਗਰ ਧਾਰਮਿਕ ਹਾਨੀ ਹੈ ਤਾਂ ਖਾਲਸਾ ਪੰਥ ਨੂੰ ਹੈ, ਜਿਸ ਨੇ ਛੂਤ ਛਾਤੀ ਸ਼ੁਸ਼ਕ ਨਿਬੇੜ ਦੀ ਰਿਹਾੜ ਵਿਚ ਪੈ ਕੇ ਧਰਮ-ਕੁਚੀਲਤਾ ਦੀ ਚਗਲ ਲਿਬੇੜ ਸਹੇੜ ਬੈਠਣੀ ਹੈ। ▪▪

# ਗੁਰਦੁਆਰਿਆਂ ਦੀ ਯਾਤਰਾ ਕਿਉਂ ਕਰਨੀ ਚਾਹੀਦੀ ਹੈ ?



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ



ਏਸ ਭੈ ਅਦਬ ਦੀ ਸ਼੍ਰੇਣੀ ਤਾਬਿਆ ਹੀ ਸਮੂਹ ਗੁਰਦੁਆਰੇ ਸਾਹਿਬਾਨ ਦੀ ਅਦਬ ਯਾਤਰਾ ਦਾ ਹੁਕਮ ਆਉਂਦਾ ਹੈ। ਯਥਾ ਗੁਰਵਾਕ:

**ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥**

**ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥... ॥੨॥ ( ॥੪॥੫॥੧੨॥)**

**(ਆਸਾ ਮ: ੪, ਪੰਨਾ: ੪੫੦)**

ਅੱਜ ਕਲ੍ਹ ਦੇ ਪੱਛਮੀ ਵਿਦਿਆ (ਅਵਿਦਿਆ) ਦੇ ਪੜ੍ਹਾਕੂ ਨਾਮ-ਧਰੀਕ ਸਿੱਖਾਂ ਨੇ ਗੁਰੂ ਦੁਆਰੇ ਅਸਥਾਨਾਂ ਅਗੇ ਸੀਸ ਨਿਵਾਉਣਾ ਅਤੇ ਮਸਤਕ ਟੇਕ ਕੇ ਚਰਨ ਧੂੜਿ ਲਾਉਣਾ ਆਪਣੇ ਮਨ ਦੇ ਮਤੇ ਮੂਜਬ ਹੀ ਮਨਮਤਿ ਸਮਝ ਰਖਿਆ ਹੈ। ਅਜਿਹੇ ਚੰਚਲ-ਮਤੀ ਪੁਰਸ਼ ਜਦੋਂ ਭੀ ਕਿਸੇ ਸਿੰਘ ਬਿਬੇਕੀ ਨੂੰ ਐਸਾ ਕਰਦਾ ਦੇਖਦੇ ਸੁਣਦੇ ਹਨ ਤਾਂ ਕੁਤਰਕ ਟਿੱਚਰਾਂ ਕਰਦੇ ਹਨ। ਓਹਨਾਂ ਨੂੰ ਆਪਣੇ ਹੀ ਅਗਿਆਨ ਅਤੇ ਗੁਰਮਤਿ-ਹੀਣਤਾ ਦਾ ਪਤਾ ਨਹੀਂ ਹੁੰਦਾ। ਏਸ ਗੁਰਮਤਿ-ਹੀਣ ਅਗਿਆਨ ਦੇ ਅਧੀਨ ਹੋਏ ਹੋਏ ਓਹ ਗੁਰਮਤਿ ਦੇ ਗੂੜ੍ਹ ਆਸ਼ੇ ਅਤੇ ਉਚ ਕਮਾਈਆਂ ਤੋਂ ਊਰੇ ਹੀ ਰਹਿ ਜਾਂਦੇ ਹਨ। ਬਿਬੇਕੀ ਗੁਰਮੁਖ ਜਨਾਂ ਦੇ ਸਨਮੁਖ ਗੁਰੂ ਕੇ ਹੁਕਮਾਂ ਦਾ ਪਾਲਣਾ ਕਮਾਉਣਾ ਹੁੰਦਾ ਹੈ। ਓਹਨਾਂ ਹੁਕਮਾਂ ਦੀ ਕਮਾਈ ਫੇਰ ਉਕਤ ਬਿਬੇਕੀਆਂ ਦੀ ਆਤਮ-ਦ੍ਰਿਸ਼ਟ-ਬਿਰਤੀ ਨੂੰ ਏਵਡ ਦਿੱਬ ਅਤੇ ਉੱਚੀ ਕਰ ਦਿੰਦੀ ਹੈ ਕਿ ਜਿਉਂ ਜਿਉਂ ਓਹ ਗੁਰ-ਅਸਥਾਨਾਂ ਉਪਰ ਦੀ ਨਿਛਾਵਰ ਹੁੰਦੇ ਹਨ; ਜਿਉਂ ਜਿਉਂ ਗੁਰ-ਅਸਥਾਨਾਂ ਅਗੋਚਰ ਮਸਤਕ ਨਿਵਾਵੰਦੇ ਅਤੇ ਪ੍ਰਣਾਮ ਬੰਦਨਾ ਕਰਿ ਕਰਿ ਪ੍ਰਕਰਮਾ ਲੈਂਦੇ ਹਨ, ਤਿਉਂ ਤਿਉਂ ਓਹਨਾਂ ਨੂੰ ਪਰਤੱਖ ਗੁਰੂ ਕੀ ਜਾਗਤ ਜੋਤਿ ਦੇ ਕਉਤਕ ਕਟਾਕਸ਼ੀ ਚਮਤਕਾਰੇ ਦਿਦਾਰੇ ਦਰਸਾਰੇ ਹੁੰਦੇ ਹਨ, ਅਤੇ ਜਿਉਂ ਜਿਉਂ ਇਹ ਕਉਤਕ-ਵਰਤਾਰੇ ਅੰਦਰ ਆ ਕੇ ਵਰਤਦੇ ਹਨ ਤਿਉਂ ਤਿਉਂ ਉਕਤ ਅਦਬ ਸਨਮਾਨ ਦੇ ਨਿਛਾਵਰੀ ਤਰੀਕਿਆਂ ਭੈ-ਭਾਵਨੀਆਂ ਦੀਆਂ ਗੁਰਮਤਿ ਰਹੁ-ਰੀਤਾਂ ਉਤੇ ਘੋਲੇ ਵਾਰਨੇ ਵੰਞਣ ਨੂੰ ਹੋਰ ਭੀ ਸ਼ਰਧਾ-ਭਾਵਨੀਆਂ ਦੀਆਂ ਤ੍ਰੰਗਾਂ ਉਠਦੀਆਂ ਹਨ।

## ਇਤਿਹਾਸਕ ਗੁਰ-ਅਸਥਾਨਾਂ ਤੇ ਸ਼ਹੀਦੀ ਸਥਾਨਾਂ ਲਈ ਤਨ ਮਨ ਧਨ ਵਾਰਨਾ ਤੇ ਸ਼ਸਤ੍ਰਾਂ ਦਾ ਸਤਿਕਾਰ

ਏਹਨਾਂ ਸ਼ਰਧਾ-ਭਿੰਨੀਆਂ ਉਮੰਗਾਂ ਦੇ ਆਤਮ-ਤ੍ਰੰਗੀ ਮਰਜੀਵੜੇ ਹੀ ਆਪਣੇ ਗੁਰ-ਅਸਥਾਨਾਂ ਦੀ ਬੇ-ਅਦਬੀ ਨੂੰ ਦੇਖ ਕੇ ਮਰ ਮਿਟਣ ਨੂੰ ਤਿਆਰ ਹੋ ਜਾਂਦੇ ਹਨ ਅਤੇ ਅਜਿਹੇ ਮਰਜੀਵੜਿਆਂ ਦੀਆਂ ਸ਼ਹੀਦੀਆਂ ਅਤੇ ਹੋਰ ਅਨਿਕ ਪ੍ਰਕਾਰੀ ਘਾਲਨਾ ਹੀ ਕੌਮੀ ਜੀਵਨ ਵਿਚ ਜਾਨ ਪਾਉਣ ਦਾ ਰੰਗ ਲਿਆਉਂਦੀਆਂ ਹਨ। ਕਿਉਂਕਿ ਓਹ ਗੁਰਮਤਿ ਭੈ ਦੀ ਕਮਾਈ ਦੁਆਰਾ ਨਿਰਭੈ ਪਦ ਨੂੰ ਪ੍ਰਾਪਤ ਹੋ ਚੁਕੇ ਹੁੰਦੇ ਹਨ ਅਤੇ ਏਸ ਨਿਰਭੈ ਪਦ ਅੰਦਰ ਖੇਡਦਿਆਂ ਹੋਇਆਂ ਜਾਨ ਉਪਰ ਦੀ ਖੇਡ ਜਾਣਾ ਇਕ ਆਤਮ-ਅਨੰਦੀ ਅਵਸਥਾ ਵਿਚ ਅਰੂੜ੍ਹ ਹੋ ਕੇ ਜੋ ਕੁਝ ਭੀ ਉਹ ਆਪਣੇ ਗੁਰ-ਅਸਥਾਨਾਂ ਦੀ ਰਛਿਆ ਨਮਿਤ ਕਰਦੇ ਹਨ, ਸਭ ਗੁਰੂ ਦੀ ਪ੍ਰੇਰਨਾ ਅਤੇ ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਹੁੰਦਾ ਹੈ। ਕੋਈ ਹੈਂਕੜ ਹੰਕਾਰ ਤੋਂ ਉਪੰਨਾ ਸੰਸਕਾਰ ਨਹੀਂ ਹੁੰਦਾ। ਕਿਸੇ ਨੂੰ ਭੈ ਦੇਣ ਅਤੇ ਭੈ ਦਿਖਾਉਣ ਹਿਤ ਨਹੀਂ ਹੁੰਦਾ। ਪ੍ਰੰਤੂ ਨਿਰਭੈ ਪਦ ਅੰਦਰਿ ਅਰੂੜ੍ਹ ਹੋਣ ਕਰਕੇ ਉਹ ਕਿਸੇ ਦਾ ਭੈ ਭੀ ਨਹੀਂ ਮੰਨਦੇ। ਅਤੇ ਨਾ ਹੀ ਕਿਸੇ ਵਿਡਾਣੀ ਈਨ ਅਤੇ ਦਬਦਬੇ ਹੇਠ ਆ ਕੇ ਆਪਣੇ ਗੁਰ-ਅਸਥਾਨ ਨਮਿਤ ਮਰ ਮਿਟਣ ਵਾਲੀ ਨਿਰਭੈ ਬਿਵਸਥਾ ਤੋਂ ਟਲਦੇ ਹਨ। ਗੁਰੂ ਦੁਆਰੇ ਸਾਹਿਬਾਨ ਅਤੇ ਗੁਰੂ ਘਰ ਦੇ ਸ਼ਹੀਦ ਅਸਥਾਨਾਂ ਦੀ ਸ਼ਾਨ ਇੱਜ਼ਤ ਆਬਰੂ ਕਾਇਮ ਦਾਇਮ ਰਖਣ ਲਈ ਤਨ ਮਨ ਧਨ ਦਾ ਹੋਮ ਦੇਣਾ ਓਹਨਾਂ ਦੀ ਇਕ ਸਹਜ ਸੁਭਾਵੀ ਆਤਮ-ਖੇਡ ਹੈ।

ਗੁਰਦੁਆਰੇ ਸਾਹਿਬਾਨ ਦੇ ਅਦਬ ਸਨਮਾਨ ਤੋਂ ਉਤਰ ਕੇ ਫੇਰ ਸ਼ਸਤ੍ਰਾਂ ਦਾ ਸਨਮਾਨ ਅਦਬ ਭੀ ਐਨ ਗੁਰਮਤਿ ਬਿਬੇਕ ਹੈ। **"ਜਿਤੇ ਸਸਤ੍ਰ ਨਾਮੰ ॥ ਨਮਸਕਾਰ ਤਾਮੰ ॥ ਜਿਤੇ ਅਸਤ੍ਰ ਭੇਯੰ ॥ ਨਮਸਕਾਰ ਤੇਯੰ ॥੯੧॥"** (**ਬਚਿਤ੍ਰ ਨਾਟਕ, ਅਧਿਆਇ ੧, ਅੰਕ: ੯੧**) ਦੇ ਸ੍ਰੀ ਦਸਮੇਸ਼ ਵਾਕ ਦਸਦੇ ਹਨ ਕਿ ਸ਼ਸਤ੍ਰਾਂ ਅਸਤ੍ਰਾਂ ਦਾ ਕੈਸਾ ਅਦਬ ਸਨਮਾਨ ਗੁਰੂ ਘਰ ਅੰਦਰ ਹੈ।

ਜੋ ਸ਼ਸਤ੍ਰਧਾਰੀ ਹੋ ਕੇ ਸ਼ਸਤ੍ਰਾਂ ਦਾ ਅਦਬ ਸਨਮਾਨ ਨਹੀਂ ਜਾਣਦਾ ਉਸ ਨੂੰ ਸ਼ਸਤ੍ਰਾਂ ਦੀ ਕਦਰ ਹੀ ਕੀ? ਧਰਮ-ਯੁੱਧ-ਅਖਾੜੇ ਵਿਚ ਸ਼ਸਤ੍ਰ ਸਨਮਾਨੀ ਸਿੰਘ ਸੂਰਬੀਰ ਦੀ ਸਦਾ ਜੈ ਹੈ। ਉਸੇ ਸੂਰਬੀਰ ਸਿੰਘ ਨੂੰ ਸ਼ਸਤ੍ਰ ਸ਼ੋਭਦੇ ਹਨ ਜੋ ਸ਼ਸਤ੍ਰਾਂ ਦਾ ਸਨਮਾਨ ਕਰਨਾ ਜਾਣਦਾ ਹੈ। ਜਿਸ ਸ਼ਸਤ੍ਰ ਨੂੰ ਆਮ ਸੰਸਾਰੀ ਤਲਵਾਰ ਆਖਦੇ ਹਨ, ਉਸਦਾ ਪ੍ਰਸਿਧ ਨਾਮ ਗੁਰੂ ਖ਼ਾਲਸਾ ਜੀ ਦੀ ਭਾਸ਼ਾ ਅੰਦਰ ਸ੍ਰੀ ਸਾਹਿਬ ਹੈ। ਜਿਸ ਸ਼ਸਤ੍ਰ ਦੇ ਨਾਮ ਨੂੰ ਹੀ ਇਤਨਾ ਸਨਮਾਨ ਦਿਤਾ ਗਿਆ ਹੈ, ਉਸ ਸ਼ਸਤ੍ਰ ਦੇ ਸਮ੍ਹਾਲ ਕੇ ਰਖਣ ਸਜਾਉਣ ਅਤੇ ਚਲਾਉਣ (ਵਰਤਣ) ਵਿਚ ਤਾਂ ਕੇਵਡ ਵੱਡਾ ਸਨਮਾਨ ਹੋਣਾ ਲੋੜੀਂਦਾ ਹੈ। ਜਿਨ੍ਹਾਂ ਬਿਬੇਕ-ਹੀਣ ਪੁਰਸ਼ਾਂ ਨੂੰ ਇਸ ਸਨਮਾਨ ਅਦਬ ਦੀ ਸਾਰ ਨਹੀਂ, ਓਹ ਅਕਸਰ ਸ਼ਸਤ੍ਰ-ਸਨਮਾਨ ਕਰਨਹਾਰੇ ਸਚਿਆਰ ਸਿੰਘ ਨੂੰ ਸ਼ਸਤ੍ਰ-ਪੂਜਕ ਨਾਉਂ ਧਰ ਕੇ ਮਖ਼ੌਲ ਕਰਿਆ ਕਰਦੇ ਹਨ। ਜੋ ਸਿੰਘ ਸੂਰਮੇ ਬਿਬੇਕੀ ਹਨ, ਉਹ ਸ੍ਰੀ ਦਸਮੇਸ਼ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸ਼ਸਤ੍ਰਾਂ ਦਾ ਸਨਮਾਨ ਸਿਰੋਂ ਪਰੰਦ ਹੋ ਕੇ ਕਰਦੇ ਹਨ। ਓਹਨਾਂ ਦਾ ਸ਼ਸਤ੍ਰਾਂ ਦਾ ਸਨਮਾਨ ਕਰਨਾ ਗੁਰੂ ਕਲਗੀਧਰ ਜੀ ਖੜਗਧਾਰੀ ਦੇ ਹੁਕਮਾਂ ਦੀ ਪਾਲਣਾ ਕਰਨਾ ਹੈ। ਪਰਵਾਹ ਨਹੀਂ ਲੋਕ ਕੁਛ ਭੀ ਮੇਹਣੇ ਮਾਰਨ, ਬਿਬੇਕੀ ਜਨ (ਹੁਕਮ ਕਮਾਵਣਹਾਰੇ ਸਿੰਘ) ਨੂੰ ਸਤਿਗੁਰੂ ਦੇ ਹੁਕਮ ਪਾਲਣ ਦਾ ਭੈ ਸੰਸਾਰੀਆਂ ਦੇ ਮੇਹਣਿਆਂ ਤੁੱਖਣਿਆਂ ਦੇ ਭੈ ਨਾਲੋਂ ਕੋਟਾਨ ਕੋਟਿ ਦਰਜਾ ਅਧਿਕ ਸ੍ਰੇਸ਼ਟ ਹੈ। ਗੁਰੂ ਦਸਮੇਸ਼ ਜੀ ਦੇ ਸਿੰਘ ਸੂਰਮੇ ਸ਼ਸਤ੍ਰ ਜੋ ਧਾਰਨ ਕਰਦੇ ਹਨ, ਸੋ ਲੋਕ-ਦਿਖਾਵੇ ਯਾ ਲੋਕਾਂ ਦੀ ਮਨਾਉਤ ਲਈ ਨਹੀਂ ਕਰਦੇ, ਕੇਵਲ ਸਤਿਗੁਰੂ ਸਾਹਿਬ ਜੀ ਦੇ ਹੁਕਮੀ ਬੰਦੇ ਹੋ ਕੇ ਕਰਦੇ ਹਨ। ਹੁਕਮੀ ਬੰਦੇ ਹੋ ਕੇ ਹੀ ਸ਼ਸਤ੍ਰਾਂ ਦਾ ਸਨਮਾਨ ਕਰਦੇ ਹਨ ਤੇ ਹੁਕਮੀ ਬੰਦੇ ਹੋ ਕੇ ਹੀ ਸ਼ਸਤ੍ਰਾਂ ਨੂੰ ਧਰਮ-ਯੁਧ ਅੰਦਰ ਵਰਤਦੇ ਹਨ। ਇਹ ਨਿਰਭੈ ਅਕਾਲੀ ਪੰਥ ਹੀ ਸ੍ਰੀ ਦਸਮੇਸ਼ ਜੀ ਨੇ ਧਰਮ-ਰਖਿਆ ਲਈ ਚਲਾਇਆ ਹੈ। ਭੈ ਦੇਣਹਾਰੇ ਅਧਰਮੀ ਅਤਿਆਚਾਰੀ ਜਰਵਾਣਿਆਂ ਪਾਸੋਂ ਦੀਨਾਂ ਗਰੀਬਾਂ ਦੀ ਰਖਿਆ ਕਰਨ ਹਿਤ ਜਦ ਭੀ ਲੋੜ ਪਵੇ ਅਤੇ ਜਦੋਂ ਭੀ ਗੁਰੂ ਅਤੇ ਗੁਰੂ ਪੰਥ ਦੀ ਆਗਿਆ ਹੋਵੇ ਤਦੋਂ ਹੀ ਕਾਲ ਦੇ ਭੈ ਤੋਂ ਨਿਰਭੈ ਅਕਾਲੀ ਵੀਰ ਸ਼ਸਤ੍ਰਾਂ ਦੀ ਸਹਾਇਤਾ ਦੁਆਰਾ ਹੀ ਦੁਰਜਨ ਸ਼ਤਰੂਆਂ ਦਾ ਖੈ ਕਰ ਕੇ ਦੀਨਾਂ ਦੀ ਰਖਿਆ ਕਰਨਗੇ ਅਤੇ ਜਦ ਕਦੇ ਭੀ ਧਰਮ ਦੀ ਹਾਨੀ ਦਾ ਹੋਰ ਕੋਈ ਇਲਾਜ ਸ਼ਸਤ੍ਰ ਉਠਾਏ ਬਗ਼ੈਰ ਨਾ ਹੋ ਸਕਦਾ ਹੋਵੇ ਤਾਂ ਨਿਧੜਕ ਅਤੇ ਨਿਸੰਗ ਸ਼ਸਤ੍ਰ ਫੜ ਕੇ ਧਰਮ-ਯੁਧ ਅੰਦਰ ਜੁਟ ਜਾਣਗੇ। ਸ੍ਰੀ ਦਸਮੇਸ਼ ਜੀ ਦੇ ਅਵਤਾਰ ਧਾਰਨ ਅਤੇ ਇਹ ਅਵਤਾਰੀ ਸ਼ਸਤ੍ਰਧਾਰੀ ਨਿਰਭੈ ਨਿਰੰਕਾਰੀ ਖਾਲਸਾ (ਅਕਾਲੀ) ਪੰਥ ਚਲਾਵਣ ਦਾ ਜੋ ਅਸਲ ਅਭਿਪਰਾ ਹੈ, ਉਹ ਸ੍ਰੀ ਦਸਮੇਸ਼ ਜੀ ਦੇ ਹੇਠ ਲਿਖੇ ਸ੍ਰੀ ਮੁਖਵਾਕ ਬਚਨ ਤੋਂ ਸਪੱਸ਼ਟ ਸਿਧ ਹੈ। ਯਥਾ:

**ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵਿ ਪਠਾਏ ॥**

**ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨਿ ਪਕਰਿ ਪਛਾਰੋ ॥੪੨॥**

**ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥**

**ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥**

**(ਬਚਿੱਤ ਨਾਟਕ, ਅਧਿਆਇ ੬)**

ਇਸ ਪ੍ਰਕਾਰ ਦੇ ਧਰਮ-ਯੁਧ ਦੇ ਸਿਧਾਂਤ ਤੋਂ ਸੱਖਣੇ ਕਿਸੇ ਹੋਰ ਮਨੋਰਥ ਲਈ ਸ਼ਸਤ੍ਰਧਾਰੀ ਖਾਲਸਾ ਜੀ ਨੂੰ ਸ਼ਸਤ੍ਰ ਉਠਾਉਣ ਦੀ ਆਗਿਆ ਨਹੀਂ। ਧਰਮ-ਰੱਖਿਆ ਲਈ ਧਰਮ-ਯੁਧ ਦਾ ਸਿਧਾਂਤ-ਆਦਰਸ਼ ਸਦੀਵ ਲਈ ਅਟੱਲ ਦਸ਼ਾ ਵਿਚ ਨਿਯਤ ਹੋ ਗਿਆ ਅਤੇ ਸ਼ਸਤ੍ਰਧਾਰੀ ਗੁਰੂ ਖ਼ਾਲਸਾ ਪੰਥ ਦੀ ਅਕਾਲੀ ਸਾਜਨਾ ਭੀ ਅਟੱਲਤਾ ਸਹਿਤ ਸਥਾਪਨ ਹੋ ਗਈ, ਹੁਣ ਜੋ ਇਸ ਅਟੱਲ ਤੇ ਅਕਾਲੀ ਆਦਰਸ਼ ਅੰਦਰ ਅਦਲਾ ਬਦਲੀ ਅਥਵਾ ਹੋਰ ਕਿਸੇ ਪ੍ਰਕਾਰ ਦੀ ਗੜਬੜ ਕਰੇਗਾ ਸੋ ਸ੍ਰੀ ਦਸਮੇਸ਼ ਜੀ ਦੇ ਆਦਰਸ਼ੀ ਸਿਧਾਂਤ ਅਤੇ ਅਟੱਲ ਅਕਾਲੀ ਹੁਕਮਾਂ ਤੋਂ ਬੇਮੁਖ ਹੋਵੇਗਾ। ਕੇਵਲ ਪੇਟ ਪਾਲਣ ਦੀ ਖ਼ਾਤਰ ਭਾਟੜਿਆਂ ਆਦਿ ਡਿੰਭ-ਧਾਰੀਆਂ ਨਿਆਈਂ ਸ਼ਸਤ੍ਰਧਾਰੀ ਸਿੰਘ ਸੱਜਣ ਸ੍ਰੀ ਖੜਗਧਾਰੀ ਦਸਮੇਸ਼ ਜੀ ਦੇ ਹੁਕਮਾਂ ਤੋਂ ਉਲਟ ਹੈ। ਆਪ ਭੈ ਮੰਨਣਹਾਰੇ ਅਤੇ ਹੋਰਨਾਂ ਨੂੰ ਭੈ ਦੇਣਹਾਰੇ ਸੰਸਾਰੀ ਮਾਇਕ ਮਨੋਰਥਾਂ ਲਈ ਵੈਰ ਵਿਰੋਧ ਕਮਾਵਣਹਾਰੇ ਜਰਵਾਣਿਆਂ ਦੇ ਖਲਦਲਾਂ ਵਿਚ ਕੇਵਲ ਉਪਜੀਵਕਾ ਹਿਤ ਲੋਭ ਲਹਿਰ ਦੇ ਮਾਰੇ ਸ਼ਸਤ੍ਰਧਾਰੀ ਬਣ ਕੇ ਚਾਕਰੀਆਂ ਕਰਨੀਆਂ ਸ਼ਸਤ੍ਰਧਾਰੀ ਪਦ ਨੂੰ ਲਾਜ ਲਾਉਣਾ ਹੈ। ਸਿੰਘ ਸ਼ਸਤ੍ਰਧਾਰੀ ਜੇਕਰ ਅਜਿਹੇ ਜਰਗਿਆਂ ਵਿਚ ਜਾ ਕੇ ਕੇਵਲ ਉਪਜੀਵਕਾ ਨਮਿਤ ਨੌਕਰ ਹੋਣਗੇ ਤਾਂ ਓਹਨਾਂ ਦੀ ਸੂਰਮਤਾਈ ਨੂੰ ਵੱਟਾ ਹੀ ਨਹੀਂ ਲਗੇਗਾ, ਬਲਕਿ ਸੂਰਮਤਾਈ ਦੀ ਅਸਲ ਸਪਿਰਟ ਹੀ ਓਹਨਾਂ ਦੇ ਅੰਦਰ ਨਹੀਂ ਰਹੇਗੀ। ਸੂਰਮਤਾਈ ਸੂਰਬੀਰਤਾ ਦੀ ਸਪਿਰਟ ਬਿਹੂਣ ਸਿੰਘ ਕਾਹਦਾ? ਸਿੰਘ ਸੂਰਮਾ ਓਹ ਹੈ, ਜੋ ਬੀਰ ਰਸ ਦੇ ਨਿਰਭੈ ਪਦ ਅਤੇ ਚੜ੍ਹਦੀ ਕਲਾ ਵਿਚ ਖੇਲ੍ਹਦਾ ਹੈ।

ਅਤੇ ਨਿਰਭੈਤਾ ਤੇ ਚੜ੍ਹਦੀ ਕਲਾ ਓਥੇ ਹੈ ਜਿਥੇ ਲੋਭ ਲਹਿਰ ਨਹੀਂ; ਜਿਥੇ ਮਾਇਕ ਮਨੋਰਥ ਨਹੀਂ; ਜਿਥੇ ਮਾਇਆਵੀ ਜੀਵਾਂ ਦੀ ਮੁਥਾਜੀ ਨਹੀਂ; ਜਿਥੇ ਗੁਰੂ ਅਕਾਲ ਪੁਰਖ ਤੋਂ ਛੁਟ ਅਤੇ ਗੁਰੂ ਪੰਥ ਦੀ ਆਗਿਆ ਤੋਂ ਉਲਟ ਹੋਰ ਕਿਸੇ ਦੀ ਈਨ ਮਨੌਤੀ ਨਹੀਂ। ਜਿਥੇ ਏਸ ਪ੍ਰਕਾਰ ਦੀ ਕਾਣ ਹੈ, ਉਥੇ ਨਿਰਭੈ ਪਦ ਕਿਥੇ? ਅਤੇ ਨਿਰਭੈ ਪਦ ਵਾਲੀ ਨਿਰਭੈਤਾ ਬਿਹੂਣ ਸ੍ਰੀ ਸਾਹਿਬ ਸਾਰਖੇ ਸ਼ਸਤ੍ਰ ਨੂੰ ਧਾਰਨ ਕਰਨਾ ਸ੍ਰੀ ਸਾਹਿਬ ਦੀ ਬੇਅਦਬੀ ਕਰਨਾ ਹੈ।▪▪

# ਬਾਵਨ ਅਖਰੀ ਦੀ ਸਾਖੀ

**ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ**

ਇਸ ਪ੍ਰਥਾਇ ਇਕ ਬੜੀ ਸੁੰਦਰ ਸਾਖੀ ਆਉਂਦੀ ਹੈ, ਜਿਸ ਦਾ ਏਥੇ ਦਰਜ ਕਰਨਾ ਅਤੀਯੰਤ ਜ਼ਰੂਰੀ ਹੈ। ਉਹ ਇਹ ਹੈ ਕਿ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਗੁਰੂ ਸਾਹਿਬ ਜੀ ਅੰਤਰਜਾਮੀ ਨੇ ਇਕ ਵਾਰ ਮਾਤਾ ਗੰਗਾ ਜੀ ਨੂੰ (ਜੋ ਉਨ੍ਹਾਂ ਦੇ ਮਹਿਲ ਸਨ) ਸੁਤੇ ਸੁਭਾਵ ਹੀ ਐਉਂ ਪ੍ਰੇਰਨਾ ਕੀਤੀ ਕਿ ਤੁਹਾਡੇ ਪਾਸ ਮੁਲਾਕਾਤ ਲਈ ਸ਼ਹਿਰ ਦੀਆਂ ਖਤਰਾਣੀਆਂ, ਮਹਾਜਨਾਂ ਦੀਆਂ ਇਸਤ੍ਰੀਆਂ ਆਉਂਦੀਆਂ ਹਨ ਉਹ ਦੁਨੀਆਂ ਕਰਕੇ ਕਿਤਨੀਆਂ ਹੀ ਵੱਡੀਆਂ ਹੋਵਣ, ਓੜਕ ਅਨਮਤਣਾਂ ਹੀ ਹਨ, ਤੁਸੀਂ ਖ਼ਬਰਦਾਰ ਰਹਿਣਾ ਕਦੇ ਭੀ ਉਹਨਾਂ ਦੀ ਆਨਮਤ ਭਰੀ ਉਪਦੇਸ਼ ਪ੍ਰੇਰਨਾ ਦੇ ਅਧੀਨ ਨਹੀਂ ਹੋਣਾ। ਐਉਂ ਸੁਤੇ ਸੁਭਾਉ ਬਚਨ ਕਰ ਕੇ ਗੁਰੂ ਸਾਹਿਬ ਗੁਰ ਦਰਬਾਰ ਵਿਖੇ ਜਾ ਬਿਰਾਜਮਾਨ ਹੋਏ। ਉਸ ਦਿਨ ਐਸੀ ਘਟਨਾ ਹੋਈ ਕਿ ਕਿਸੇ ਭਾਰੀ ਗਿਰੰਬਾਰੀ ਮਾਇਆਧਾਰੀ ਸੇਠ ਨੇ ਨੌਲੱਖਾ ਹਾਰ ਗੁਰੂ ਸਾਹਿਬ ਜੀ ਦੀ ਆਣ ਭੇਟਾ ਕੀਤਾ। ਤਿਸ ਨੌਲੱਖੇ ਹਾਰ ਦੇ ਗੁਰੂ ਸਾਹਿਬ ਜੀ ਦੇ ਅਗੇ ਭੇਟਾ ਕਰਨ ਦੀ ਚਰਚਾ ਸਾਰੇ ਸ਼ਹਿਰ ਵਿਚ ਹੋ ਗਈ। ਸ਼ਹਿਰ ਦੀਆਂ ਬੜੀਆਂ ਬੜੀਆਂ ਮਹਾਜਨ ਇਸਤ੍ਰੀਆਂ ਇਸ ਹਾਰ ਨੂੰ ਵੇਖਣ ਗਈਆਂ ਤੇ ਅੱਖੀਂ ਵੇਖ ਕੇ ਅਸ਼ ਅਸ਼ ਕਰਦੀਆਂ ਹੀ ਰਹਿ ਗਈਆਂ। ਫੇਰ ਸਾਰੀਆਂ ਇਕੱਠੀਆਂ ਹੋ ਕੇ ਮਾਤਾ ਗੰਗਾ ਜੀ ਦੇ ਪਾਸ ਗਈਆਂ ਤੇ ਐਉਂ ਬੇਨਤੀਆਂ ਕਰਨ ਲਗੀਆਂ ਕਿ ਤੁਸੀਂ ਸਾਰੇ ਜਗ ਦੀ ਪੂਜ ਮਾਤਾ ਹੋ, ਤੁਸੀਂ ਕੋਈ ਭੀ ਗਹਿਨਾ ਨਹੀਂ ਪਹਿਨਿਆ ਹੋਇਆ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਮਹਿਲ ਵਿਚ ਹੁੰਦੇ ਹੋਏ ਤੁਸੀਂ ਗਹਿਣੇ ਵਿਹੂਣ ਅਛੇ ਨਹੀਂ ਲਗਦੇ।

ਅਜ ਗੁਰੂ ਸਾਹਿਬ ਜੀ ਦੀ ਭੇਟਾ ਗੁਰ ਦਰਬਾਰ ਵਿਖੇ ਇਕ ਨੌਲੱਖਾ ਹਾਰ ਕਿਸੇ ਪ੍ਰੇਮੀ ਨੇ ਭੇਟ ਕੀਤਾ ਹੈ, ਉਸ ਨੌਲੱਖੇ ਹਾਰ ਦੀ ਸ਼ਾਨ ਇਹ ਹੀ ਦਸਦੀ ਹੈ ਕਿ ਉਹ ਹਾਰ ਆਪ ਦੇ ਗਲੇ ਵਿਖੇ ਹੀ ਸਜਾਇਆ ਜਾਏ, ਤਦੇ ਹੀ ਸੋਭਦਾ ਹੈ। ਤੁਸੀਂ ਅਜ ਗੁਰੂ ਸਾਹਿਬ ਨੂੰ ਪ੍ਰੇਰਨਾ ਕਰਕੇ ਉਕਤ ਹਾਰ ਨੂੰ ਆਪਣੇ ਪਹਿਰਨ ਲਈ ਹੀ ਮੰਗੋ। ਗੱਲ ਕੀ, ਅਜਿਹੀਆਂ ਚਿਕਨੀਆਂ ਚੋਪੜੀਆਂ ਗੱਲਾਂ ਕਰ ਕੇ ਸ੍ਰੀ ਮਾਤਾ ਜੀ ਨੂੰ ਉਸ ਹਾਰ ਦੇ ਪਹਿਰਨ ਲਈ ਤਿਆਰ ਕਰ ਲਿਆ। ਗੁਰੂ ਪੰਚਮ ਪਾਤਸ਼ਾਹ ਜੀ ਦੇ ਗੁਰ ਦਰਬਾਰ ਤੋਂ ਆਉਣ ਤੋਂ ਪਹਿਲਾਂ ਹੀ ਮਾਤਾ ਜੀ ਖਣਪੱਟੀ ਲੈ ਕੇ ਰੁਸ ਕੇ ਪਲੰਘ ਤੇ ਬਿਰਾਜਮਾਨ ਹੋ ਗਏ। ਅੰਤਰਜਾਮੀ ਗੁਰੂ ਸਾਹਿਬ ਨੂੰ ਇਸ ਘਟਨਾ ਦਾ ਪਹਿਲੇ ਹੀ ਪਤਾ ਸੀ, ਉਨ੍ਹਾਂ ਨੇ ਮਾਤਾ ਗੰਗਾ ਜੀ ਨੂੰ ਕਿਹਾ ਕਿ ਤੁਹਾਨੂੰ ਅਜ ਕਿਸੇ ਇਸਤ੍ਰੀ-ਟੋਲੇ ਦੀ ਆਨਮਤ ਉਪਦੇਸ਼ ਦੀ ਪਾਣ ਚੜ੍ਹ ਗਈ ਹੈ, ਇਸ ਤੋਂ ਬਚਣ ਲਈ ਤੁਸਾਂ ਨੂੰ ਵਰਜਿਆ ਗਿਆ ਸੀ। ਸ੍ਰੀ ਮਾਤਾ ਜੀ ਸਾਵਧਾਨ ਹੋ ਕੇ ਦੋਏ ਕਰ ਜੋੜ ਗਲ ਵਿਚ ਪਲਾ ਪਾ ਕੇ ਗੁਰੂ ਸਾਹਿਬ ਅਗੇ ਐਉਂ ਅਰਜ਼ੋਈ ਕਰਨ ਲਗੇ, 'ਹੇ ਗੁਰੂ ਸਚੇ ਪਾਤਸ਼ਾਹ! ਅਜ ਤਾਈਂ ਇਸ ਦਾਸਰੀ ਨੇ ਆਪ ਪਾਸੋਂ ਕੋਈ ਮੰਗ ਨਹੀਂ ਕੀਤੀ, ਪਹਿਲੀ ਮੰਗ ਕਰਨ ਲਗੀ ਹਾਂ ਆਸ ਹੈ ਕਿ ਉਹ ਤੁਸੀਂ ਉਦਾਰਤਾ ਸਹਿਤ ਕਬੂਲ ਕਰੋਗੇ'। ਸ੍ਰੀ ਗੁਰੂ ਸੱਚੇ ਪਾਤਸ਼ਾਹ ਹੱਸ ਵਿਗੱਸ ਕੇ (ਮੁਸਕਰਾ ਕੇ) ਸ੍ਰੀ ਮਾਤਾ ਜੀ ਪਾਸੋਂ ਪੁਛਣ ਲਗੇ, ਦਸੋ ਸਹੀ ਕਿ ਤੁਹਾਡੀ ਮੰਗ ਕੀ ਹੈ। ਮਾਤਾ ਜੀ ਨੇ ਤੁਰੰਤ ਹੀ ਉਹ ਮੰਗ ਐਉਂ ਪ੍ਰਗਟ ਕੀਤੀ ਕਿ ਅਜ ਜੋ ਨੌਲੱਖਾ ਹਾਰ ਤੁਹਾਡੇ ਦਰਬਾਰ ਵਿਖੇ ਤੁਸਾਂ ਨੂੰ ਭੇਟਾ ਹੋਇਆ ਹੈ, ਉਹ ਮੈਨੂੰ ਗਲ ਵਿਚ ਪਹਿਨਣ ਲਈ ਬਖ਼ਸ਼ ਦਿਓ। ਸ੍ਰੀ ਗੁਰੂ ਸਾਹਿਬ ਇਹ ਸੁਣ ਕੇ ਬੜੇ ਹੀ ਹੱਸੇ ਤੇ ਫ਼ੁਰਮਾਉਣ ਲਗੇ ਕਿ ਅਜ ਜ਼ਰੂਰ ਹੀ ਆਨਮਤੀ ਮੁਲਾਕਾਤਣਾਂ ਦਾ ਅਸਰ ਤੁਸਾਂ ਉਤੇ ਹੋ ਗਿਆ ਹੈ। ਭੋਲੀਏ, ਚਾਹੇ ਕ੍ਰੋੜਾਂ, ਅਰਬਾਂ ਦੀ ਕੀਮਤ ਦਾ ਹਾਰ ਹੋਵੇ ਉਹ ਕੂੜਾ ਵਿਵਹਾਰ ਹੀ ਹੈ, ਅਸੀਂ ਅਜ ਤੁਹਾਡੇ ਲਈ ਉਹ ਹਾਰ ਤਿਆਰ ਕਰਨ ਲਗੇ ਹਾਂ ਜਿਸ ਨੂੰ ਉਰ ਅੰਦਰ ਧਾਰ ਕੇ ਤੁਹਾਡਾ ਲੋਕ ਪ੍ਰਲੋਕ ਹਲਤ ਪਲਤ ਸਭ ਹੀ ਸੁਧਰ ਜਾਏਗਾ।

ਇਸ ਪ੍ਰਥਾਇ ਗੁਰੂ ਪੰਚਮ ਪਾਤਸ਼ਾਹ ਜੀ ਮਹਾਰਾਜ ਸ੍ਰੀ ਬਾਵਨ ਅਖਰੀ ਦੀ ਬਾਣੀ ਉਚਾਰਨ ਲੱਗੇ ਅਤੇ ਐਸੀ ਅੱਖਰ ਬਣਤਰ ਕਲਾ ਵਰਤਾਈ ਕਿ ਜਿਉਂ ਜਿਉਂ ਸ੍ਰੀ ਬਾਵਨ ਅਖਰੀ ਬਾਣੀ ਉਚਾਰਨ ਕੀਤੀ ਜਾਵੇ ਤਿਉਂ ਤਿਉਂ ਨਾਲੋ ਨਾਲ ਹੀ ਸ੍ਰੀ ਮਾਤਾ ਜੀ ਆਪਣੇ ਅੰਤਰ-ਆਤਮੇ ਇਸ ਬਾਣੀ ਦੇ ਤੱਤ ਭਾਵ ਨੂੰ ਅੰਤਰ ਹਿਰਦੇ ਵਿਖੇ ਉਤਾਰੀ ਜਾਣ। ਐਸੀ ਅਚਰਜ ਖੇਡ ਵਰਤੀ ਕਿ ਸਮੱਗਰ ਬਾਣੀ ਸ੍ਰੀ ਬਾਵਨ ਅਖਰੀ ਜੀ ਦੀ ਸ੍ਰੀ ਗੁਰੂ ਸਾਹਿਬ ਜੀ ਦੇ ਮੁਖੋਂ ਉਚਾਰਨ ਹੋ ਗਈ ਤੇ ਨਾਲੋ ਨਾਲ ਹੀ ਸ੍ਰੀ ਮਾਤਾ ਜੀ ਦੇ ਕੰਠਹਾਰ ਹੋ ਕੇ ਧਾਰਨ ਹੋ ਗਈ।

ਸ੍ਰੀ ਮਾਤਾ ਜੀ ਦਾ ਹਿਰਦਾ ਕਮਲ ਅੰਤਰਗਤੀ ਐਸਾ ਜਗਮਗਾ ਉਠਿਆ ਕਿ ਜੜਾਊ ਗਹਿਣੇ ਵਾਲੇ ਨੌਲੱਖੇ ਹਾਰ ਦੇ ਪਹਿਰਨ ਦੀ ਅਕਾਂਖਿਆ ਸਾਰੀ ਹੀ ਬਿਬਰਜਤ ਹੋ ਗਈ। ਐਉਂ ਸੱਚਾ ਹਾਰ ਗੁਰਮਤਿ ਨਾਮ ਪ੍ਰੀਤੀ ਗਹਿਣੇ ਦਾ ਉਰ ਧਾਰ ਕੇ ਸ੍ਰੀ ਮਾਤਾ ਜੀ ਨੂੰ ਕੂੜਾਵੇ ਨੌਲੱਖੇ ਹਾਰ ਦਾ ਪਹਿਰਨਾ ਉੱਕਾ ਕੀ ਵਿਸਰ ਗਿਆ ਅਤੇ ਨਿਰਾ ਹੀ ਕੂੜਾਵਾ ਪ੍ਰਤੀਤ ਹੋਇਆ।

ਸੋਈ ਭਾਵ ਇਸ ਅੰਦਰਲੇ ਗੁਰਵਾਕ ਅੰਦਰ- "ਹਰਿ ਹਰਿ ਹਾਰੁ ਕੰਠਿ ਲੇ ਪਹਿਰੈ" ਗੁਰ-ਪੰਗਤੀ ਤੋਂ ਹੈ। ਅੱਨਮਤਣਾਂ ਦੇ ਦੰਦਾਸੇ ਦੇ ਥਾਉਂ ਵਾਹਿਗੁਰੂ (ਦਾਮੋਦਰ) ਦੇ ਸੱਚੇ ਨਾਮ, ਗੁਰਮਤਿ ਨਾਮ ਵਾਹਿਗੁਰੂ ਨੂੰ ਮੁਖ ਦੰਤਾਂ ਅੰਦਰ ਧਾਰਨਾ ਹੈ, ਇਹ ਹੀ ਸੱਚੀ ਗੁਰਮਤਿ ਹੈ। ਹੋਰ ਆਨਮਤੀ ਕੰਗਣਾਂ ਨੂੰ ਤਿਆਗ ਕੇ ਵਾਹਿਗੁਰੂ ਕਰਤੇ ਪੁਰਖ ਦੀ, ਉਸ ਦੇ ਸੱਚੇ ਨਾਮ ਦੀ ਮਾਲਾ ਹੀ ਹਸਤ ਕਮਲਾਂ ਅੰਦਰ ਧਾਰਨੀ ਹੈ ਅਤੇ ਇਸ ਬਿਧਿ ਚਿਤ ਟਿਕਾਵਣਾ ਹੈ, ਸੱਚੀ ਧਾਰਨਾ ਵਿਖੇ ਧਾਰੀ ਰਖਣਾ ਹੈ। ਵਾਹਿਗੁਰੂ (ਮਧੁਸੂਦਨ) ਦੇ ਨਾਮ ਦੀ ਸੁੱਚੀ ਮੁੰਦਰੀ ਪਹਿਰ ਕੇ, ਹੋਛੀਆਂ ਮੁੰਦਰੀਆਂ ਛਾਪਾਂ ਦਾ ਉੱਕਾ ਹੀ ਪ੍ਰੀਤਿਆਗ ਕਰਨਾ ਹੈ ਤੇ ਸਾਰੇ ਪਾਟ-ਪਟੰਬਰੀ ਰੇਸ਼ਮਾਂ ਦੇ ਬਸਤਰ ਤਿਆਗ ਕੇ ਕੇਵਲ ਵਾਹਿਗੁਰੂ (ਪਰਮੇਸ਼ਰ) ਦੇ ਨਾਮ ਦੇ ਸੱਚੇ ਸੁੱਚੇ ਸਾਦਗੀ ਵਾਲੇ ਬਸਤਰ ਨੂੰ ਹੀ ਹਰ ਦਮ ਪਹਿਨੀ ਰਖਣਾ ਹੈ। ਉਸ ਸੱਚੀ ਗੁਰਮਤਿ ਪ੍ਰਮਾਰਥ ਦੀ ਸੱਚੀ ਇਸਤ੍ਰੀ ਲਈ ਕੂੜਾਵੀਆਂ ਕੰਘੀਆਂ ਪੱਟੀਆਂ ਵਾਲੀਆਂ ਅਨਮੱਤਣਾਂ ਦੀਆਂ ਮਾਂਗਾਂ ਸਵਾਰਨੀਆਂ ਗੁਰਮਤਿ ਅੰਦਰ ਉਕੀਆਂ ਹੀ ਬਿਵਰਜਤ ਹਨ।

ਇਸ ਮਾਂਗ ਪੱਟੀ ਰੂਪੀ ਧੜੀ ਦੇ ਥਾਉਂ, ਵਾਹਿਗੁਰੂ ਨਾਮ ਰੂਪੀ ਨਾਮ ਧਾਰਨੀ ਧੀਰਜ (ਧਾਰੀ ਰੱਖਣੀ) ਹੈ। ਅਤੇ ਅੱਖੀਆਂ ਵਿਖੇ ਸੁਰਮੇ ਪਾਉਣ ਦੇ ਥਾਉਂ ਨਾਮ ਰੂਪੀ ਸੱਚਾ ਸੁਰਮਾ ਪਾਈ ਰਖਣਾ ਹੈ ਅਤੇ ਇਸ ਬਿਧਿ ਵਾਹਿਗੁਰੂ ਨਾਮ ਦੀਆਂ ਭਉ ਭਾਉ ਸਰਧਾ ਰੂਪੀ ਸੁਰਮੇ ਦੀਆਂ ਸਲਾਈਆਂ ਅੱਖੀਆਂ ਅੰਦਰ ਦੇਈ (ਪਾਈ) ਰਖਣੀਆਂ ਹਨ, ਸੋਈ ਭਾਵ "ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥" ਰੂਪੀ ਗੁਰ ਪੰਗਤੀ ਦਾ ਹੈ। ਇਸ ਬਿਧਿ ਸੱਚਾ ਪ੍ਰਮਾਰਥੀ ਸ਼ਿੰਗਾਰ ਕਰਕੇ ਮਨ ਰੂਪੀ ਮੰਦਰ ਵਿਖੇ, ਜੋਤਿ ਵਿਗਾਸੀ (ਗੁਰਮਤਿ ਨਾਮ ਰੂਪੀ ਦੀਪਕ (ਦੀਵੇ) ਨੂੰ ਪਰਜੁਲਤ ਕਰਨਾ ਹੈ ਅਤੇ ਸਾਰੀ ਕਾਇਆ ਰੂਪੀ ਸੇਜੜੀ ਨੂੰ ਜਗਮਗਾਉਣਾ ਹੈ। ਇਸ ਜੋਤਿ ਜਗਮਗਾਹਟ ਦਵਾਰਾ ਜੋਤੀਸ਼ਰ ਵਾਹਿਗੁਰੂ ਹਿਰਦੇ ਵਿਖੇ ਜਦੋਂ ਆਇ ਉਤਰਦਾ ਹੈ, ਉਦੋਂ ਹੀ ਸੱਚਾ ਆਤਮ-ਭੋਗ ਪ੍ਰਮਾਤਮਾ-ਵਿਗਾਸੀ-ਭੋਗ ਰਚਾਇਆ ਜਾਂਦਾ ਹੈ। ਇਸ ਸਾਰੇ ਵਾਕ ਦੇ ਭਾਵ ਤੋਂ ਸਿੱਧ ਹੋਇਆ ਕਿ ਆਨਮਤੀਆਂ ਵਾਲੇ ਕੂੜੇ ਸ਼ਿੰਗਾਰ ਸਾਰੇ ਹੀ ਤਿਆਗ ਦੇਣੇ ਗੁਰਮਤਿ ਜਗਿਆਸੂ ਲਈ ਲਾਜ਼ਮੀ ਹਨ।

# ਹੋਲੇ ਮਹੱਲੇ ਦਾ ਆਸ਼ਾ

# ਉਦੇਸ਼ ਤੇ ਉਪਦੇਸ਼



ਮੇਰੇ ਰੰਗਲੇ ਪਾਤਸ਼ਾਹ ਕਲ਼ਗੀਧਰ ਪਿਤਾ ਜੀ ਨੇ ਆਚਰਣ ਦੀ ਇਸ ਗਿਰਾਵਟ ਤੋਂ ਆਪਣੇ ਸਿੱਖਾਂ ਨੂੰ ਬਚਾਉਣ ਲਈ ਹੋਲੇ-ਮਹੱਲੇ ਦਾ ਤਿਉਹਾਰ ਬਖਸ਼ਿਆ। ਸਿੰਘਾਂ ਨੂੰ ਇਕ ਪਾਸੇ ਤਾਂ ਨਾਮ ਦੇ ਚਲੂਲੇ ਰੰਗਾਂ ਵਿਚ ਰੰਗਿਆ ਅਤੇ ਦੂਜੇ ਪਾਸੇ ਬੀਰ-ਰਸ ਦੇ ਅਲੌਕਿਕ ਤਮਾਸ਼ਿਆਂ ਨਾਲ ਸਰਸ਼ਾਰ ਕੀਤਾ। ਅਨੰਦਪੁਰੀ ਵਿਚ ਇਸ ਤਰ੍ਹਾਂ ਦੇ ਨਾਮ-ਰੰਗਾਂ ਦੇ ਦੀਵਾਨ ਸਜਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਨੂੰ ਹੋਲੇ ਵਿਚ ਬਦਲ ਦਿੱਤਾ ਅਤੇ 'ਹੋਲੇ' ਦੇ ਨਾਲ 'ਮਹੱਲਾ' ਸ਼ਾਮਲ ਕਰਕੇ ਸਿੰਘਾਂ ਨੂੰ ਅਨੰਦੋ ਅਨੰਦ ਕਰ ਦਿੱਤਾ।

ਹਰਿਨਾਮ ਰੰਗ-ਰਾਤੇ, ਮਹਾਬਲੀ ਜੋਧੇ, ਭਗਤ ਪ੍ਰਹਿਲਾਦ ਨੂੰ ਹਰਨਾਕਸ਼ ਦੀ ਕੋਈ ਤਾਕਤ ਵੀ ਨਾ ਝੁਕਾ ਸਕੀ ਅਤੇ ਨਾ ਹੀ ਭੈ-ਭੀਤ ਕਰ ਸਕੀ, ਉਹ ਨਾਮ ਦੇ ਮਜੀਠੀ ਰੰਗ ਵਿਚ ਰੰਗਿਆ ਅਡੋਲ ਰਿਹਾ। ਉਸ ਦਾ ਕਾਇਆ-ਰੂਪ ਚੋਲਾ ਨਾਮ ਦੇ ਮਜੀਠੀ ਰੰਗ ਵਿਚ ਰੰਗੀਜਿਆ ਪਿਆ ਸੀ। ਇਸ ਲਈ ਪ੍ਰਭੂ-ਕੰਤ ਉਸ ਦੇ ਪਾਸ ਸੀ, ਉਸ ਦੇ ਨਿਕਟ ਸੀ, ਉਸ ਦੇ ਅੰਗ-ਸੰਗ ਸੀ। ਫ਼ਿਰ ਉਸ ਨੂੰ ਭੈ ਕਾਹਦਾ ? ਹਰਨਾਕਸ਼ ਦੀ ਵਰ-ਪ੍ਰਾਪਤ ਭੈਣ ਹੋਲਿਕਾ ਨੇ ਉਸ ਨੂੰ ਝੋਲੀ ਵਿਚ ਬਿਠਾ ਕੇ ਅਗਨ-ਭੇਟ ਕਰਨਾ ਚਾਹਿਆ, ਪਰ **'ਜਲੇ ਨ ਡੂਬੈ ਗੁਰਪ੍ਰਸਾਦਿ''** ਅਤੇ **''ਪ੍ਰਹਲਾਦ ਕਾ ਰਾਖਾ ਹੋਇ ਰਘੁਰਾਇਆ ॥੩॥''** (**ਭੈਰਉ ਮ. ੩, ਅੰਗ : ੧੧੩੩**)

ਪ੍ਰਹਿਲਾਦ ਅਗਨ-ਕੁੰਡ ਵਿਚੋਂ ਸਹੀ ਸਲਾਮਤ ਬਚ ਨਿਕਲਿਆ, ਪਰ ਸ਼ਿਵਜੀ ਤੋਂ ਵਰ ਪ੍ਰਾਪਤ ਹੋਈ ਹੋਲਿਕਾ ਸੁਆਹ ਦਾ ਢੇਰ ਬਣ ਗਈ। ਇਸੇ ਹੋਲਿਕਾ ਦੀ ਯਾਦ ਵਿਚ ਹਿੰਦੂ ਲੋਕ ਹੋਲੀਆਂ ਦੇ ਦਿਨਾਂ ਵਿਚ ਇਸ ਦੀ ਸੁਆਹ ਉਡਾਇਆ ਕਰਦੇ ਹਨ।

ਹੋਲੀਆਂ ਦਾ ਤਿਉਹਾਰ ਖੁੱਲ੍ਹੀ ਰੁੱਤ ਆਉਣ ਦੇ ਅਰੰਭ ਸਮੇਂ ਖ਼ੁਸ਼ੀਆਂ ਤੇ ਰੰਗਾਂ ਵਿਚ ਮਨਾਇਆ ਜਾਂਦਾ ਸੀ। ਇਕ-ਦੂਜੇ ਦੇ ਕੱਪੜੇ ਗੁਲਾਲ ਨਾਲ ਰੰਗਣੇ ਅਤੇ ਚਾਓ ਮਲ੍ਹਾਰਾਂ ਵਿਚ ਖੇਡਣ ਤੇ ਨੱਚਣ-ਕੁੱਦਣ ਵਿਚ ਖੁੱਲ੍ਹੀ ਰੁੱਤ ਦਾ ਆਉ ਭਗਤ ਕੀਤਾ ਜਾਂਦਾ ਸੀ। ਪਰ ਸਮੇਂ ਦੇ ਫੇਰ ਨਾਲ ਸਹਿਜੇ ਸਹਿਜੇ ਤਿਓਹਾਰਾਂ ਦੇ ਰੰਗ ਵਿਗੜਦੇ ਗਏ ਅਤੇ ਇਥੋਂ ਤੱਕ ਬੁਰੀ ਹਾਲਤ ਹੋ ਗਈ ਕਿ ਇਹ ਤਿਉਹਾਰ ਮਿੱਟੀ-ਘੱਟੇ ਤੇ ਕੋਲਿਆਂ ਦੀ ਰਾਖ ਉਡਾਉਣ ਤੋਂ ਵੱਧ ਕੇ ਗੰਦਗੀ ਉਛਾਲਣ ਤੱਕ ਪੁੱਜ ਗਿਆ। ਮਾਇਆ ਦੇ ਕੱਚੇ-ਕਸੁੰਭੇ ਰੰਗ ਵਿਚ ਭੁਲੀ ਲੋਕਾਈ ਪ੍ਰਭੂ ਨੂੰ ਭੁੱਲ ਗਈ।

ਮੇਰੇ ਰੰਗਲੇ ਪਾਤਸ਼ਾਹ ਕਲਗ਼ੀਧਰ ਪਿਤਾ ਜੀ ਨੇ ਆਚਰਣ ਦੀ ਇਸ ਗਿਰਾਵਟ ਤੋਂ ਆਪਣੇ ਸਿੱਖਾਂ ਨੂੰ ਬਚਾਉਣ ਲਈ ਹੋਲੇ-ਮਹੱਲੇ ਦਾ ਤਿਉਹਾਰ ਬਖਸ਼ਿਆ। ਸਿੰਘਾਂ ਨੂੰ ਇਕ ਪਾਸੇ ਤਾਂ ਨਾਮ ਦੇ ਚਲੂਲੇ ਰੰਗਾਂ ਵਿਚ ਰੰਗਿਆ ਅਤੇ ਦੂਜੇ ਪਾਸੇ ਬੀਰ-ਰਸ ਦੇ ਅਲੌਕਿਕ ਤਮਾਸ਼ਿਆਂ ਨਾਲ ਸਰਸ਼ਾਰ ਕੀਤਾ।

'ਸਚ-ਖੰਡ ਦੇ ਸਨਮੁਖ ਕਰਮ-ਖੰਡ' ਦੇ ਪੰਧਾਊਆਂ ਦੇ ਲੱਛਣ ਗੁਰੂ ਨਾਨਕ ਪਾਤਸ਼ਾਹ ਨੇ ਦੱਸੇ ਹਨ : **ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥** (**ਜਪੁਜੀ, ਅੰਗ :੮**)

ਉਹ ਲੱਛਣ ਦਸਮੇਸ਼ ਪਿਤਾ ਜੀ ਨੇ ਆਪਣੇ ਗੁਰਸਿਖਾਂ ਵਿਚ ਸਾਮਰਤਖ ਕਰ ਵਿਖਾਏ ਅਤੇ ਆਪਣੇ ਗੁਰਸਿਖਾਂ ਨੂੰ ਕਿਹਾ :

**ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ ॥**
**ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ ॥**
**(ਸਿਰੀਰਾਗੁ ਮ.੪, ਅੰਗ : ੪੦)**

ਸਤਿਗੁਰ ਸੱਚੇ ਸਾਹਿਨਸ਼ਾਹ ਨੇ ਆਪਣੇ ਗੁਰਸਿਖਾਂ ਨੂੰ ਇਹ ਗੱਲ ਦ੍ਰਿੜ੍ਹ ਕਰਾਈ ਕਿ ਲਾਲ ਗੁਲਾਲ ਅਤੇ ਗੂੜ੍ਹੇ ਰੰਗ ਦਾ ਅਨੰਦ ਕੇਵਲ ਨਾਮ ਵਿਚ ਹੈ :

**ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥** (**ਸਿਰੀ ਰਾਗ ਮ.੧, ਅੰਗ : ੧੮**)

ਅਤੇ

**ਮੇਰਾ ਪ੍ਰਭੁ ਰਾਂਗਿ ਘਣੌ ਅਤਿ ਰੂੜੌ ॥**
**ਦੀਨ ਦਇਆਲੁ ਪ੍ਰੀਤਮ ਮਨਮੋਹਨੁ ਅਤਿ ਰਸ ਲਾਲ ਸਗੂੜੌ ॥੧॥ ਰਹਾਉ ॥**
**(ਪ੍ਰਭਾਤੀ ਮ. ੧, ਅੰਗ : ੧੩੩੧)**

ਰੰਗ-ਰਤੜੇ ਸਾਹਿਬ ਨੇ ਗੁਰਸਿਖਾਂ ਨੂੰ ਪ੍ਰੇਰਿਆ ਅਤੇ ਹਰੇਕ ਅੰਦਰ ਇਹ ਹੂਕ ਪੈਦਾ ਕੀਤੀ :

**ਮੇਰੇ ਮਨ ਹਰਿ ਰਾਮ ਨਾਮਿ ਕਰਿ ਰੰਙੁ ॥** (**ਸੂਹੀ ਮ. ੪, ਅੰਗ : ੭੩੨**)

ਅਤੇ

**ਏ ਮਨ ਰੂੜੇ ਰੰਗੁਲੇ ਤੂੰ ਸਚਾ ਰੰਗੁ ਚੜਾਇ ॥**



**ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਏ ॥੧॥ ਰਹਾਉ ॥ (ਆਸਾ ਮ. ੩, ਅੰਗ : ੪੨੭)**

ਜਿਹੜੇ ਵਡਭਾਗੀ ਗੁਰਸਿਖ ਨਾਮ ਦੇ ਲਾਲ ਰੰਗ ਵਿਚ ਰੰਗੀਜਦੇ ਹਨ ਉਨ੍ਹਾਂ ਦੀ ਇਹ ਅਵਸਥਾ ਹੋ ਨਿਬੜਦੀ ਹੈ :

**ਰਤੇ ਰੰਗਿ ਪਾਰਬ੍ਰਹਮ ਕੈ ਮਨੁ ਤਨੁ ਅਤਿ ਗੁਲਾਲੁ ॥**

**ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ ॥੩॥ (ਮ. ੫, ਅੰਗ :੧੦੯੭)**

ਉਨ੍ਹਾਂ ਨੂੰ ਨਾਮ ਰੰਗ ਤੋਂ ਬਿਨਾਂ ਹੋਰ ਸਭ ਖ਼ਿਆਲ ਫ਼ਜ਼ੂਲ ਤੇ ਗੰਦੇ ਦਿਸਦੇ ਹਨ। ਉਹ ਤਾਂ ਆਪਣੀਆਂ ਸਤਸੰਗੀ-ਸਖੀਆਂ ਨਾਲ ਨਾਮ ਰੰਗ ਦੀ ਹੋਲੀ ਖੇਡਦਿਆਂ ਇਕ-ਦੂਜੇ ਨੂੰ ਵੇਖ-ਵੇਖ ਵਿਗਸਦੇ ਹਨ ਅਤੇ ਪ੍ਰਸੰਨ ਹੋ ਹੋ ਕੇ ਅਲਾਪਦੇ ਹਨ :

**ਲਾਲਨੁ ਰਾਵਿਆ ਕਵਨ ਗਤੀ ਰੀ ॥**

**ਸਖੀ ਬਤਾਵਹੁ ਮੁਝਹਿ ਮਤੀ ਰੀ ॥੧॥ ਸੂਹਬ ਸੂਹਬ ਸੂਹਵੀ ॥**

**ਅਪਨੇ ਪ੍ਰੀਤਮ ਕੈ ਰੰਗਿ ਰਤੀ ॥੧॥ ਰਹਾਉ ॥ (ਸੂਹੀ ਮ. ੫, ਅੰਗ :੭੩੯)**

ਅਤੇ

**ਕਵਨ ਬਨੀ ਰੀ ਤੇਰੀ ਲਾਲੀ ॥**

**ਕਵਨ ਰੰਗਿ ਤੂੰ ਭਈ ਗੁਲਾਲੀ ॥੧॥ ਰਹਾਉ ॥ (ਅੰਗ : ੩੮੪)**

ਅਨੰਦਪੁਰੀ ਵਿਚ ਇਸ ਤਰ੍ਹਾਂ ਦੇ ਨਾਮ-ਰੰਗਾਂ ਦੇ ਦੀਵਾਨ ਸਜਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਨੂੰ ਹੋਲੇ ਵਿਚ ਬਦਲ ਦਿੱਤਾ ਅਤੇ 'ਹੋਲੇ' ਦੇ ਨਾਲ 'ਮਹੱਲਾ' ਸ਼ਾਮਲ ਕਰਕੇ ਸਿੰਘਾਂ ਨੂੰ ਅਨੰਦੋ ਅਨੰਦ ਕਰ ਦਿੱਤਾ।

'ਹੋਲਾ-ਮਹੱਲਾ' ਸ਼ਬਦ ਦੀ ਵਿਆਖਿਆ ਭਾਈ ਕਾਨ੍ਹ ਸਿੰਘ ਜੀ ਨੇ 'ਮਹਾਨ ਕੋਸ਼' ਵਿਚ ਇਉਂ ਕੀਤੀ ਹੈ :

"ਹਮਲਾ ਅਤੇ ਜਾਯ ਹਮਲਾ। ਹੱਲਾ ਅਤੇ ਹੱਲੇ ਦੀ ਥਾਂ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖ਼ਾਲਸੇ ਨੂੰ ਸ਼ਸਤ੍ਰ ਅਤੇ ਯੁਧ ਵਿਦਯਾ ਵਿਚ ਨਿਪੁੰਨ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੇ ਹੇਠ ਇਕ ਖ਼ਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸਭ ਸਿਖਯਾ ਦੇਂਦੇ ਸੀ, ਅਰ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿਚ ਸਿਰੋਪਾ ਬਖ਼ਸ਼ਦੇ ਸਨ।"

ਅਨੰਦਪੁਰ ਸਾਹਿਬ ਦੇ ਕਿਲ੍ਹੇ ਹੋਲਗੜ੍ਹ ਵਿਖੇ ਦਸਮੇਸ਼ ਜੀ ਨੇ ਦੀਵਾਨ ਸਜਾ ਕੇ ਸੰਮਤ ੧੭੫੭ ਚੇਤਰ ੧ ਨੂੰ ਹੋਲਾ-ਮਹੱਲਾ ਖੇਡਣ ਦੀ ਇਹ ਰੀਤ ਚਲਾਈ। ਸੱਚੇ ਪਾਤਸ਼ਾਹ ਨੇ ਦੀਵਾਨ ਵਿਚ ਨਾਮ-ਰੰਗ ਬਖ਼ਸ਼ਿਆ ਅਤੇ 'ਮਹੱਲਾ' ਚੜ੍ਹਾ ਕੇ ਬੀਰ ਰਸ ਪ੍ਰਦਾਨ ਕੀਤਾ। ਇਉਂ ਖ਼ਾਲਸਾ ਜੀ ਨੂੰ ਪੂਰਨ ਸੰਤ-ਸਿਪਾਹੀ ਬਣਾ ਕੇ ਮੁਕੰਮਲ ਕੀਤਾ।

---------------

ਸੱਚਾ ਸੁੱਚਾ ਬੀਰ ਰਸ ਨਾਮ-ਰੰਗ ਤੋਂ ਬਿਨਾਂ ਉਪਜ ਹੀ ਨਹੀਂ ਸਕਦਾ। ਜਪੁਜੀ ਦੇ ਕਰਮਖੰਡ ਵਿਚ ਨਿਰੰਕਾਰੀ ਪਿਤਾ ਜੀ ਨੇ ਇਸ ਦਾ ਸਪੱਸ਼ਟ ਨਿਰਣਾ ਕੀਤਾ :

**ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥ (ਜਪੁਜੀ, ਅੰਗ : ੮)**

ਨਾਮ ਤੋਂ ਥੋਥਾ ਬੀਰ ਰਸ ਨਿਰਾ ਅਹੰਕਾਰ ਦੀਆਂ ਪੰਡਾਂ ਬੰਨ੍ਹਣੀਆਂ ਹਨ। ਗੁਰੂ ਅਮਰਦਾਸ ਜੀ ਨੇ ਸੂਹੀ ਰਾਗ ਦੀ ਵਾਰ ਵਿਚ ਕਿੰਨੇ ਤਾੜਵੇਂ ਲਫ਼ਜ਼ਾਂ ਵਿਚ ਬਲੀ ਜੋਧਿਆਂ ਨੂੰ ਇਸ ਤੋਂ ਬਚਣ ਦੀ ਹਦਾਇਤ ਕੀਤੀ ਹੈ :

**ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥ (ਸਲੋਕ ਮ.੩, ਅੰਗ : ੮੬)**

ਅਹੰਕਾਰ ਭਰਿਆ ਬੀਰ ਰਸ ਕਿਸੇ ਦਾ ਕੁਝ ਸੁਆਰ ਨਹੀਂ ਸਕਦਾ, ਸਗੋਂ ਉਹ ਦੀਨਾਂ ਦੁਖੀਆਂ ਤੇ ਗਰੀਬਾਂ ਲਈ ਦੁਖਦਾਈ ਹੁੰਦਾ ਹੈ। ਇਹੋ ਹੰਕਾਰੀ ਬੀਰ ਰਸ ਹੀ ਸੀ ਜਿਸ ਦੇ ਮਦ ਵਿਚ ਅਹਿਮਦ ਸ਼ਾਹ ਅਬਦਾਲੀ ਸਾਲਾਂ-ਬੱਧੀ ਭਾਰਤ ਦੀਆਂ ਅਬਲਾਵਾਂ ਦੀ ਆਬਰੂ ਲੁੱਟਦਾ ਰਿਹਾ, ਪਰ ਦੂਜੇ ਪਾਸੇ ਨਾਮ-ਰੰਗ-ਰੱਤਾ ਸੰਤ ਸਿਪਾਹੀ ਖ਼ਾਲਸਾ ਜੀ ਉਨ੍ਹਾਂ ਦੁਖੀ ਅਬਲਾਵਾਂ ਨੂੰ ਜਰਵਾਨਿਆਂ ਤੋਂ ਵਾਪਸ ਲੈਂਦਾ ਤੇ ਉਨ੍ਹਾਂ ਦੇ ਘਰਾਂ ਵਿਚ ਪਹੁੰਚਾਉਣ ਦੀ ਪਰਉਪਕਾਰੀ ਕਾਰ ਕਮਾਉਂਦਾ ਰਿਹਾ। ਸੋ ਖ਼ਾਲਸਾ ਜੀ

ਨੂੰ ਬੀਰ ਰਸ ਦੇ ਨਾਲ ਨਾਲ ਨਾਮ-ਰੰਗ ਦੀਆਂ ਖੇਡਾਂ ਖੇਡਣ ਦੀ ਵੀ ਬਾਰ-ਬਾਰ ਹਦਾਇਤ ਮਿਲਦੀ ਰਹਿੰਦੀ ਹੈ ਅਤੇ ਅਸਲ 'ਖ਼ਾਲਸਾ' ਹੋਣ ਦੀ ਗੁਰਬਾਣੀ ਅੰਦਰ ਇਉਂ ਸੇਧ ਮਿਲਦੀ ਹੈ :

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥**

**ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥**

**ਠਾਕੁਰੁ ਗਾਈਐ ਆਤਮ ਰੰਗਿ ॥**

**ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥੧॥ ਰਹਾਉ ॥**

**ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥**

**ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥੨॥੪॥੩੫॥**

**(ਧਨਾਸਰੀ ਮ. ੫, ਅੰਗ : ੬੭੯-੮੦)**

ਖ਼ਾਲਸਾ ਨਾਮ-ਰੰਗ ਰਤਾ ਅਤੇ ਬੀਰ-ਸਿਪਾਹੀ ਹੁੰਦਿਆਂ ਵੀ ਹਉਮੈ-ਅਹੰਕਾਰ ਤੋਂ ਰਹਿਤ ਹੁੰਦਾ ਹੈ। ਉਹ ਨਿਰਮਾਣ ਤੇ ਚਰਨਾਂ ਦੀ ਧੂੜ ਬਣ ਕੇ ਵਿਚਰਦਾ ਹੈ। ਉਹ ਕਿਸੇ ਨੂੰ ਆਪਣਾ ਆਪ ਜਣਾਉਂਦਾ ਨਹੀਂ ਅਤੇ ਨਾ ਹੀ ਕਿਸੇ ਦਾ ਦਿਲ ਦੁਖਾਉਂਦਾ ਹੈ, ਪਰ ਜੇ ਕੋਈ ਮੁਸੀਬਤ-ਜਦਾ ਜ਼ਾਲਮ-ਜਰਵਾਣਿਆਂ ਦੀ ਬੰਦੀ ਵਿਚ ਚਿਚਲਾ ਰਿਹਾ ਹੋਵੇ ਤਾਂ ਉਸ ਦਾ ਬੀਰ-ਰਸ ਅਕਾਸ਼ਾਂ ਨੂੰ ਚੀਰ ਜਾਣ ਦੀ ਸਮਰੱਥਾ ਰੱਖਦਾ ਹੈ।

ਖ਼ਾਲਸਾ ਨਾਮ-ਰੰਗ ਰਤਾ ਅਤੇ ਬੀਰ-ਸਿਪਾਹੀ ਹੁੰਦਿਆਂ ਵੀ ਹਉਮੈ-ਅਹੰਕਾਰ ਤੋਂ ਰਹਿਤ ਹੁੰਦਾ ਹੈ। ਉਹ ਨਿਰਮਾਣ ਤੇ ਚਰਨਾਂ ਦੀ ਧੂੜ ਬਣ ਕੇ ਵਿਚਰਦਾ ਹੈ। ਉਹ ਕਿਸੇ ਨੂੰ ਆਪਣਾ ਆਪ ਜਣਾਉਂਦਾ ਨਹੀਂ ਅਤੇ ਨਾ ਹੀ ਕਿਸੇ ਦਾ ਦਿਲ ਦੁਖਾਉਂਦਾ ਹੈ, ਪਰ ਜੇ ਕੋਈ ਮੁਸੀਬਤ-ਜਦਾ ਜ਼ਾਲਮ-ਜਰਵਾਣਿਆਂ ਦੀ ਬੰਦੀ ਵਿਚ ਚਿਚਲਾ ਰਿਹਾ ਹੋਵੇ ਤਾਂ ਉਸ ਦਾ ਬੀਰ-ਰਸ ਅਕਾਸ਼ਾਂ ਨੂੰ ਚੀਰ ਜਾਣ ਦੀ ਸਮਰੱਥਾ ਰੱਖਦਾ ਹੈ।

ਅਜਿਹੀ ਅਰੂੜ ਅਵਸਥਾ ਦੇ ਪੰਧਾਊ, ਨਾਮ-ਚਲੂਲੇ ਰੰਗਾਂ ਵਿਚ ਵਿਚਰ ਰਹੇ ਭਾਈ ਸਰਵਣ ਸਿੰਘ ਫਲੇਵਾਲ ਦੀ ਇਕ ਘਟਨਾ 'ਰੰਗਲੇ ਸੱਜਣ' ਪੁਸਤਕ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਇਉਂ ਲਿਖਦੇ ਹਨ :

**ਅੰਬਾਲੇ ਸਟੇਸ਼ਨ ਦਾ ਕੌਤਕ**

ਇਕ ਵਾਰ ਅਸੀਂ ਜਥੇ ਸਮੇਤ, ਸਣੇ ਭਾਈ ਸਰਵਣ ਸਿੰਘ ਜੀ ਦੇ ਅੰਬਾਲੇ ਛਾਉਣੀ ਨੂੰ ਸਿਰੀ ਬਾਊ ਮਲ ਸਿੰਘ ਅਤੇ ਪਿਆਰਾ ਸਿੰਘ ਜੀ ਦੇ ਪਿਆਰੇ ਪਿਆਰੇ ਦਰਸ਼ਨਾਂ ਨੂੰ ਜਾ ਰਹੇ ਸਾਂ। ਅੰਬਾਲੇ ਦੇ ਸਟੇਸ਼ਨ 'ਤੇ ਪੁੱਜੇ ਤਾਂ ਉਥੇ ਹੋਰ ਬਹੁਤ ਸਾਰੇ ਸੱਜਣ ਤਾਂ ਹੋਰ ਰੁਝਣੀ ਰੁਝ ਗਏ, ਭਾਈ ਸਰਵਣ ਸਿੰਘ ਜੀ ਇਕੱਲੇ ਸਮਾਧ-ਸਥਿਤ ਖਲੋਤੇ ਹੀ ਰਹਿ ਗਏ, ਜਿਥੇ ਕਿ ਰੇਲ-ਗੱਡੀ ਆਈ 'ਤੇ ਟਿਕਟ ਮਿਲਿਆ ਕਰਦੇ ਸਨ। ਜਦੋਂ ਉਹ ਖਲੋਤੇ ਸਨ ਉਥੇ ਕੋਈ ਆਦਮੀ ਨਹੀਂ ਸੀ।

ਅਸੀਂ ਜ਼ਰਾ ਕੁ ਦੁਰੇਡੇ ਛਾਉਣੀ ਨੂੰ ਪੈਦਲ ਜਾਣ ਦੀ ਤਿਆਰੀ ਵਿਚ ਰੁਝੇ ਹੋਏ ਸੀ। ਇਤਨੇ ਨੂੰ ਗੱਡੀ ਕਿਸੇ ਪਾਸਿਉਂ ਆ ਗਈ ਅਤੇ ਟਿਕਟ ਵਿਕਣ ਲਗ ਪਏ। ਉਥੇ ਖ਼ਾਸਾ ਇਕੱਠ ਹੋ ਗਿਆ, ਟਿਕਟ ਖ਼ਰੀਦਣ ਵਾਲਿਆਂ ਦਾ। ਪੁਲਸ ਦਾ ਇਕ ਹੱਟਾ-ਕੱਟਾ ਸਿਪਾਹੀ ਆਪਣੀ ਡੀਊਟੀ 'ਤੇ ਉਥੇ ਆ ਗਿਆ। ਪਰ ਭਾਈ ਸਰਵਣ ਸਿੰਘ ਜੀ ਨੂੰ ਕੋਈ ਪਤਾ ਨਹੀਂ ਕਿ ਕੌਣ ਆਇਆ ਤੇ ਕੌਣ ਗਿਆ ਹੈ। ਉਹ ਸਮਾਧ-ਸਥਿਤ ਇਕੋ ਹੀ ਜਗ੍ਹਾ 'ਤੇ ਟਿਕੇ ਰਹੇ। ਪੁਲਸ ਦੇ ਸਿਪਾਹੀ ਨੇ ਬੁਤ ਵਾਂਗ ਅਹਿਲ ਖਲੋਤੇ ਭਾਈ ਸਰਵਣ ਸਿੰਘ ਜੀ ਨੂੰ ਦੋ ਚਾਰ ਵਾਰ ਹਲੂਣਿਆਂ ਤੇ ਬੁਲਾਇਆ, ਪਰ ਉਹ ਬੋਲੇ ਕੁਸਕੇ ਨਹੀਂ। ਕ੍ਰੋਧ-ਆਤਰ ਹੋ ਕੇ ਸਿਪਾਹੀ ਨੇ ਵੱਟ ਕੇ ਚਪੇੜ ਮਾਰੀ ਭਾਈ ਜੀ ਦੇ ਮੁਖਾਰਬਿੰਦ 'ਤੇ। ਭਾਈ ਸਰਵਣ ਸਿੰਘ ਜੀ ਨੇ ਜਦ ਅੱਖ ਉਘੜੀ ਤਾਂ ਸਿਪਾਹੀ ਨੇ ਡਾਂਟ ਕੇ ਆਖਿਆ, "ਤੈਨੂੰ ਪਤਾ ਨਹੀਂ ਏਥੇ ਟਿਕਟ ਬਟਦੇ ਹਨ? ਤੈਨੂੰ ਕਈ ਵਾਰ ਬੁਲਾਇਆ ਤੇ ਕਿਹਾ ਹੈ ਕਿ ਇਥੇ ਟਿਕਟ ਬਟਦੇ ਹਨ, ਇਸ ਜਗ੍ਹਾ ਖਲੋਣ ਦਾ ਹੁਕਮ ਨਹੀਂ। ਹੁਣ ਚਪੇੜ ਮਾਰੀ ਤੇ ਸੁਚੇਤ ਹੋਇਆ ਹੀ ਹੈਂ ਜੇ ਪਹਿਲਾਂ ਹੀ ਹੋ ਜਾਂਦਾ?"

ਭਾਈ ਸਰਵਣ ਸਿੰਘ ਜੀ ਨੂੰ ਇਸ ਚਪੇੜ ਮਾਰਨ ਦਾ ਰੰਚਕ ਭੀ ਰੋਸ-ਗੁੱਸਾ ਨਹੀਂ ਆਇਆ। ਉਲਟੇ ਉਸ ਸਿਪਾਹੀ ਦੇ ਧੜੰਮ ਦੇ ਕੇ ਪੈਰਾਂ 'ਤੇ ਡਿੱਗ ਪਏ ਅਤੇ ਆਖਿਆ, "ਭਾਈ, ਮੈਥੋਂ ਭੁਲ ਹੋ ਗਈ ਹੈ।"...

ਤਿਸ ਪਰ ਪਾਸ ਖਲੋਤਾ ਇਕ ਆਰੀਆ ਮਹਾਸ਼ਾ ਇਉਂ ਝੁੰਝਲਾ ਉਠਿਆ ਕਿ ਇਸ ਸਿੱਖ ਨੇ ਡਰਦੇ ਮਾਰੇ ਨੇ ਸਿਪਾਹੀ ਦੇ ਪੈਰ ਫੜੇ ਹਨ। ਕਮਜ਼ੋਰ ਸੀ, ਕਮਜ਼ੋਰੀ ਦੇ ਕਾਰਨ ਉਸ ਦੇ ਅਗੇ ਹੀਣਾ-ਝੀਣਾ ਹੋ ਗਿਆ। ਅਸੀਂ ਆਖਿਆ ਏਵੇਂ ਹੀ ਸਹੀ-ਤੇਰੀ ਅਕਲ ਏਵੇਂ ਹੀ ਕੰਮ ਕਰਦੀ ਹੈ। ਅਸੀਂ ਤੇਰੇ ਨਾਲ ਝਗੜਨਾ ਥੋੜਾ ਹੈ।

ਇਹ ਗੱਲ ਕਹਿ ਕੇ ਸਾਰਾ ਜਥਾ ਭਾਈ ਸਰਵਣ ਸਿੰਘ ਜੀ ਨੂੰ ਲੈ ਕੇ ਅੰਬਾਲਾ ਛਾਉਣੀ ਦੇ ਰਸਤੇ ਵਲ ਤੁਰ ਪਏ। ਗੁਰੂ ਕੀ ਨੇਤ ਐਸੀ ਹੋਈ ਕਿ ਉਸ ਮਹਾਸ਼ਾ ਜਨ ਨੇ ਭੀ ਸਦਰ ਬਾਜ਼ਾਰ ਛਾਉਣੀ ਜਾਣਾ ਸੀ। ਉਹ ਵੀ ਸਾਡੇ ਨਾਲ ਹੋ ਗਿਆ। ਰਸਤੇ ਵਿਚ ਜਾਂਦੇ ਜਾਂਦੇ ਅਧਵਾਟੇ ਰਹਿਰਾਸ ਸਾਹਿਬ ਦਾ ਸਮਾਂ ਹੋ ਗਿਆ। ਪਾਸ ਹੀ ਕੂੰਆਂ ਸੀ। ਉਥੇ ਹੀ ਪੰਜ-ਇਸ਼ਨਾਨ ਕਰਕੇ ਰਹਿਰਾਸ ਸਾਹਿਬ ਦਾ ਪਾਠ ਕਰਕੇ ਅੱਗੇ ਜਾਣਾ ਮਿਥਿਆ। ਅਸੀਂ ਮੈਦਾਨ ਵੀ ਜਾਣਾ ਸੀ। ਪਾਸ ਹੀ ਗੂੜ੍ਹੇ ਬ੍ਰਿਛਾਂ ਦੀ ਇਕ ਝਿੜੀ ਸੀ। ਮੈਂ ਤੇ ਭਾਈ ਸਰਵਣ ਸਿੰਘ ਜੀ ਉਸ ਝਿੜੀ ਵਿਚ ਮੈਦਾਨ ਹੋਣ ਲਈ ਗਏ। ਭਾਈ ਜੀ ਤਾਂ ਧੁਸਦੇ ਧੁਸਦੇ ਅਗਾਂਹ ਦੁਰੇਡੇ ਚਲੇ ਗਏ। ਮੈਂ ਉਰੇਡੇ ਹੀ ਰਹਿ ਗਿਆ ਅਤੇ ਮੈਦਾਨ ਹੋਣ ਬਹਿ ਗਿਆ। ਮੈਦਾਨ ਹੋ ਕੇ ਅਜੇ ਹੱਥ ਹੀ ਧੋਤੇ ਸਨ ਕਿ ਇਕ ਅਬਲਾ ਦੇ ਰੋਣ ਦੀ ਅਤੇ ਚੀਖ਼ ਪੁਕਾਰ ਕਰਨ ਦੀ ਆਵਾਜ਼ ਕੰਨੀ ਪਈ।

ਭਾਈ ਜੀ ਉਸ ਅਵਾਜ਼-ਅਸਥਾਨ ਦੇ ਨੇੜੇ ਹੀ ਢੁਕ ਚੁਕੇ ਸਨ। ਉਕਤ ਚੀਖ਼ ਪੁਕਾਰਨੀ ਆਵਾਜ਼ ਸੁਣ ਕੇ ਉਹ ਝਟ ਹੀ ਉਥੇ ਪਹੁੰਚ ਗਏ ਇਕੱਲੇ ਹੀ। ਅਗੇ ਕੀ ਦੇਖਦੇ ਹਨ ਕਿ ਚਾਰ ਮੁਸ਼ਟੰਡੇ ਸ਼ਰਾਬੀ ਗੋਰੇ ਸਿਪਾਹੀ ਇਕ ਲਕੜਹਾਰੀ (ਲਕੜਾਂ ਚੁੱਕਣ ਵਾਲੀ) ਲੜਕੀ ਨੂੰ ਉਸ ਦੀ ਇੱਜ਼ਤ ਖ਼ਰਾਬ ਕਰਨ ਲਈ ਉਸ ਨੂੰ ਦਬਾਈ ਪਏ ਹਨ। ਭਾਈ ਸਰਵਣ ਸਿੰਘ ਜੀ ਨੇ ਹੀਲ ਹੁਜਤ ਕੀਤੇ ਬਿਨਾਂ ਹੀ ਉਨ੍ਹਾਂ ਚੌਹਾਂ ਸਿਪਾਹੀਆਂ ਪਾਸੋਂ 'ਬਲਮ' ਖੋਹ ਲਏ ਅਤੇ ਉਨ੍ਹਾਂ ਚੌਹਾਂ ਨੂੰ ਐਸਾ ਕੁਟਿਆ ਕਿ ਕੁਟ ਕੁਟ ਕੇ ਲੰਮੇ ਪਾ ਦਿੱਤੇ ਅਤੇ ਨਰੜ ਕੇ ਲਾਗੇ ਖੜੇ ਟਾਂਗੇ 'ਤੇ ਲੱਦ ਦਿੱਤੇ। ਇਤਨੇ ਨੂੰ ਮੈਂ ਭੀ ਇਥੇ ਪਹੁੰਚ ਗਿਆ। ਇਹ ਨਜ਼ਾਰਾ ਦੇਖ ਕੇ ਮੈਂ ਪਿਛਲੇ ਸਾਰਿਆਂ ਸਜਣਾਂ ਨੂੰ ਅਵਾਜ਼ਾਂ ਦੇ ਕੇ ਨਾਲ ਬੁਲਾ ਲਿਆ। ਉਹ ਮਹਾਸ਼ਾਗਣ ਵੀ ਨਾਲ ਹੀ ਆਇਆ, ਤਾਂ ਉਸ ਨੂੰ ਇਹ ਨਜ਼ਾਰਾ ਦਿਖਾਇਆ ਕਿ ਦੇਖੋ ਸਵਾ ਲਖ ਸੂਰਮੇ ਦਾ ਇਹ ਕਰਤਵ।

ਉਪਰੋਕਤ ਵਾਰਤਾ ਇਸ ਵੀਹਵੀਂ ਸਦੀ ਦੀ ਹੀ ਘਟਨਾ ਹੈ, ਜਿਸ ਵਿਚੋਂ ਇਕੋ ਵਕਤ ਨਾਮ-ਰੰਗ ਅਤੇ ਬੀਰ-ਰਸ ਦੇ ਅਲੌਕਿਕ ਚਮਤਕਾਰ ਪਰਗਟ ਪਹਾਰੇ ਹਨ। ਇਹ ਹੈ ਹੋਲੇ-ਮਹੱਲੇ ਦੀ ਸਹੀ ਸਪਿਰਿਟ। ▪▪

# ਸ੍ਰੀ ਦਸਮੇਸ਼ ਪੂਰਨੇ



ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਆਮ ਨੇਤਾਵਾਂ ਦਾ ਇਹ ਖ਼ਿਆਲ ਉਕਾ ਹੀ ਗ਼ਲਤ ਹੈ ਕਿ ਗੁਰੂ ਸਾਹਿਬ ਸ੍ਰੀ ਦਸਮੇਸ਼ ਜੀ ਕੇਵਲ ਤੁਰਕਾਂ ਦੇ ਹੀ ਵੈਰੀ ਸਨ। ਹਰਗਿਜ਼ ਨਹੀਂ। ਗੁਰੂ ਸਾਹਿਬ ਤਾਂ ਪਾਪ ਅਤੇ ਜ਼ੁਲਮ ਦੇ ਵਿਰੋਧੀ ਸਨ। ਜ਼ਾਤ ਪਾਤ ਕਰਕੇ ਕਿਸੇ ਨਾਲ ਵੈਰ-ਵਿਰੋਧ ਨਹੀਂ ਕਮਾਇਆ। ਸਭਨਾਂ ਨੂੰ ਹੀ ਸਿੱਧੇ ਰਸਤੇ ਲਿਆਵਣ ਦੇ ਅਭਿਲਾਖੀ ਸਨ। ਸਭਨਾਂ ਕਪੁੱਠੇ ਮਾਰਗ ਪਏ ਹੋਇਆਂ ਬੰਦਿਆਂ ਦੇ ਸੋਧਕ ਸਨ। ਸੋਈ ਸਮਤੀ ਗੁਰੂ ਦਸਮੇਸ਼ ਜੀ ਨੇ ਆਪਣੇ ਸਾਜੇ ਨਿਵਾਜੇ ਖ਼ਾਲਸਾ ਜੀ ਨੂੰ ਨਦਰੀ ਨਦਰ ਨਿਹਾਲ ਹੋ ਕੇ ਬਖ਼ਸ਼ੀ ਕਿ ਕਿਸੇ ਇਕ ਜ਼ਾਤ ਕੌਮ ਦਾ ਘਾਤ ਨਹੀਂ ਕਰਨਾ, ਪਰੰਤੂ ਪਾਪਿਸ਼ਟ ਕਰਮੀ ਭਾਵੇਂ ਕੋਈ ਜ਼ਾਤੀ ਅਤੇ ਕੋਈ ਫ਼ਿਰਕਾ ਹੋਵੇ, ਦੋਹਾਂ ਨੂੰ ਸੁਮੱਤੇ ਲਾਉਣਾ ਹੈ।

ਪ੍ਰਮਾਰਥ ਸੰਬੰਧੀ ਧਾਰਮਕ ਕੁਰਬਾਨੀ ਦੇ ਜੋ ਪੂਰਨੇ ਸ੍ਰੀ ਦਸਮੇਸ਼ ਗੁਰੂ ਪਾਤਸ਼ਾਹ ਨੇ ਪਾਏ ਹਨ, ਉਹ ਅੱਜ ਤਾਈਂ ਕਿਸੇ ਧਾਰਮਕ ਆਗੂ ਨੇ ਯਾ ਕਿਸੇ ਰੀਫ਼ਾਰਮਰ ਨੇ ਨਹੀਂ ਪਾਏ, ਨਾ ਪਾਉਣੇ ਹਨ।

ਪਹਿਲਾ ਪੂਰਨਾ ਸੱਚੀ ਅਤੇ ਸੁੱਚੀ ਨਿਰਭੈਤਾ ਦਾ ਹੈ। ਅੱਠ ਸਾਲ ਦੀ ਛੋਟੀ ਉਮਰ ਵਿਚ ਹੀ ਅਤਿ ਨਿਰਭੈ ਹੋ ਕੇ ਪਿਤਾ ਜੀ ਨੂੰ ਮਜ਼ਲੂਮਾਂ ਨਮਿਤ ਕੁਰਬਾਨੀ ਦੀ ਪ੍ਰੇਰਨਾ ਕਰਨੀ ਸੱਚੀ ਨਿਰਭੈਤਾ ਦੀ ਸਪਿਰਿਟ ਦਾ ਲਖਾਇਕ ਹੈ। ਪਿਤਾ ਜੀ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਹੋਣਹਾਰ ਗੁਰੂ ਗੋਬਿੰਦ ਸਿੰਘ ਜੀ ਅੰਦਰ ਨਿਰਭੈਤਾ ਵਾਲੀ ਸੱਚੀ ਸਪਿਰਿਟ ਦੇਖ ਕੇ ਮਜ਼ਲੂਮਾਂ ਨਮਿਤ ਨਿਸ਼ਕਾਮਤਾ ਸਹਿਤ ਕੁਰਬਾਨ ਹੋਣ ਦੀ ਠਾਣੀ ਤਾਂ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਨਿਰਭੈਤਾ ਵਾਲੀ ਸਪਿਰਿਟ ਦੇਖ ਕੇ ਹੀ ਠਾਣੀ।

ਦੂਜੀ ਨਿਰਭੈਤਾ ਵਾਲੀ ਸਪਿਰਿਟ ਸ੍ਰੀ ਗੁਰੂ ਦਸਮੇਸ਼ ਜੀ ਨੇ ਗੁਰਤਾ ਦੀ ਗੱਦੀ ਸਾਂਭਣ ਸਾਰ ਹੀ ਦਿਖਾਈ। ਸੱਚੀ ਸੂਰਬੀਰਤਾ ਦੀ ਸਪਿਰਿਟ ਨਾ ਸਿਰਫ਼ ਆਪਣੇ ਅੰਦਰ ਹੀ ਭਰ ਕੇ ਦਰਸਾਈ, ਬਲਕਿ ਸਾਰੇ ਪੰਥ ਅੰਦਰ ਭੀ ਇਹੋ ਸਪਿਰਿਟ ਭਰੀ। ਅੰਤਰਿ ਆਤਮੇ ਨਾਮ ਦਾ ਖੰਡਾ ਬਾ-ਦਸਤੂਰ ਖੜਕਾਉਣਾ ਅਤੇ ਖੜਕਾਉਂਦੇ ਹੋਏ, ਧਰਮ ਯੁੱਧ ਹਿਤ ਖੜਗੇਸ਼ੀ ਖੰਡਾ ਖੜਕਾਉਣ ਦੀ ਇਸ ਬਿਧਿ ਪ੍ਰੇਰਨਾ ਕੀਤੀ। ਯਥਾ :

**ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ ॥**

**ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵਸਾਗਰ ਤਾਰੈ ॥**

**ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉ ਉਜੀਆਰੈ ॥**

**ਗਯਾਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ ॥**

**(ਦਸਮ ਗ੍ਰੰਥ, ਕ੍ਰਿਸ਼ਨਾ ਅਵਤਾਰ)**

ਹਾਂ ਜੀ! ਇਸ ਬਿਧਿ ਨਿਰਭੈਤਾ ਵਾਲੇ ਸੱਚੇ ਪ੍ਰਮਾਰਥੀ ਪੂਰਨਿਆਂ ਨੂੰ ਦਰਸਾਇ ਕੇ, ਸਾਰੇ ਪੰਥ ਨੂੰ ਉਭਾਰਿਆ ਵੰਗਾਰਿਆ। ਚਿਤ ਅੰਦਰਿ ਜੁੱਧ ਕਰਨ ਦਾ ਜੋਸ਼ ਚਿਤਾਰ ਕੇ ਵੀ ਮੁਖੋਂ ਨਾਮ ਦਾ ਸੱਚਾ ਖੜਗੇਸ਼ੀ-ਖੰਡਾ ਭੀ ਨਾਲੋ ਨਾਲ ਖੜਕਾਈ ਜਾਣਾ ਲਾਜ਼ਮੀ ਹੈ। ਇਸ ਬਿਧਿ, ਕੇਵਲ ਏਸੇ ਬਿਧਿ ਹੀ ਸਫ਼ਲਤਾ ਹੋ ਸਕਦੀ ਹੈ।

"**ਦੇਹ ਅਨਿੱਤ ਨ ਨਿੱਤ ਰਹੈ**" ਦੀ ਸੱਚੀ ਸੂਰਮਤਾਈ ਦੀ ਜੰਗੀ ਸਪਿਰਿਟ, ਆਪਣੇ ਅਤਿ ਛੋਟੀ ਉਮਰ ਵਾਲੇ ਸਾਹਿਬਜ਼ਾਦਿਆਂ ਅੰਦਰ ਐਸੀ ਭਰੀ ਕਿ ਉਹ ਨਿਰਭੈ ਹੋ ਕੇ ਐਸੇ ਜੂਝੇ ਕਿ ਰੰਚਕ ਮਾਤਰ ਭੀ ਆਪਣੀ ਜ਼ਿੰਦਗੀ ਨਾਲ ਪਿਆਰ ਨਹੀਂ ਪਾਇਆ। ਅਮਲੀ ਤੌਰ 'ਤੇ ਇਹ ਮਿਸਾਲ ਕਾਇਮ ਕਰਕੇ ਦਿਖਾਈ ਕਿ ਬਪੜੀ ਚਾਰ-ਦਿਹਾੜੇ-ਰਹਿਣ-ਵਾਲੀ-ਦੇਹੀ ਦਾ ਰੰਚਕ ਖ਼ਿਆਲ ਨਾ ਰਖਦੇ, ਨਿਸ਼ਕਾਮਤਾ ਸਹਿਤ ਬਲੀਦਾਨ ਹੋਏ। ਜਨਮਨ ਸਾਰ ਹੀ ਸਾਹਿਬਜ਼ਾਦਿਆਂ ਦੇ ਦਿਲ ਦਿਮਾਗ਼ ਅੰਦਰਿ ਸੱਚੜੇ ਨਾਮ ਅਭਿਆਸ ਦਾ ਮਾਦਾ ਐਸਾ ਕੁੱਟ-ਕੁੱਟ ਕੇ ਭਰਿਆ ਕਿ ਜਿਸ ਦੇ ਤੁਫ਼ੈਲ ਮਰਨ ਦੀ ਚਿੰਤਾ ਤੇ ਜੀਵਨ ਦੀ ਲਾਲਸਾ ਹੀ ਬਿਨਸ ਗਈ। "**ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ**"**(ਸਿਰੀ ਰਾਗੁ ਮ.੧, ਅੰਗ : ੨੦)** ਦੇ ਗੁਰਵਾਕ ਭਾਵ ਵਾਲੇ ਅਮਲੀ ਪੂਰਨੇ ਪਾ ਕੇ ਦਿਖਾਏ। ਸੱਚ ਮੁੱਚ ਇਹ ਅਮਲੀ ਪੂਰਨਿਆਂ ਵਾਲਾ ਸੱਚੜਾ ਰਸ ਹਿਰਦੇ ਅੰਦਰ ਵਸਿਆ ਰਸਿਆ ਹੋਵੇ, ਸੱਚੀ ਨਿਰਭੈਤਾ ਹੀ ਏਸੇ ਰਸ ਅੰਦਰ ਹੈ। ਜੋ ਏਸ ਰਸ ਤੋਂ ਸ਼ੂਨ ਹਨ ਉਹ ਨਿਰੀ ਲੌਕਿਕ ਵਡਿਆਈ ਦੇ ਕਾਰਨ ਹੰਕਾਰੇ ਰਹਿੰਦੇ ਹਨ। ਕਿਸੇ ਲੇਖੇ ਵੀ ਨਹੀਂ ਪੈਂਦੇ ਤਿਨ੍ਹਾਂ ਦੇ ਅਮਲ (ਕਰਮ)।

ਧਰਮ ਹੇਤ ਉਹ ਸੱਚੀ ਨਿਰਭੈਤਾ ਨਿਸ਼ਕਾਮਤਾ ਵਾਲੀ ਸਪਿਰਿਟ ਸਹਿਤ ਸੰਧੂਰਤ ਹੋ ਕੇ ਸੱਚੜਾ ਪ੍ਰਮਾਰਥੀ ਜਸ ਭੀ ਖੱਟਦੇ ਹਨ ਅਤੇ ਇਸ ਜਸ ਦੀ ਸੱਚੜੀ ਬੇੜੀ 'ਤੇ ਚੜ੍ਹ ਕੇ ਭਵਸਾਗਰੋਂ ਭੀ ਪਾਰ ਪੈਂਦੇ ਹਨ। ਦੁਨਿਆਵੀ ਜਸ ਆਪੇ ਹੀ ਉਨ੍ਹਾਂ ਦੇ ਮਗਰ ਲੱਗਿਆ ਫ਼ਿਰਦਾ ਹੈ। ਸ੍ਰੀ ਦਸਮੇਸ਼ ਜੀ ਦੀ ਪਰਵੇਸ਼ ਕੀਤੀ ਹੋਈ ਬੁੱਧ-ਸਬੁੱਧੀ ਅੰਦਰਲੀ ਰੱਖੀ ਸਪਿਰਿਟ ਅਨੁਸਾਰ ਉਹ ਆਪਣੇ ਜੀਵਨ ਨੂੰ, ਤਨ ਦੀ ਸੱਚੀ ਧੀਰਜਤਾ (ਸਹਿਣਸ਼ੀਲਤਾ) ਦਾ ਧਾਮ ਬਣਾ ਲੈਂਦੇ ਹਨ। ਉਨ੍ਹਾਂ ਦੀ ਬੁੱਧੀ ਭੀ ਸੁਬੁੱਧੀ ਹੋ ਜਾਂਦੀ ਹੈ।

ਨਾਮ ਨਾਲਿ ਲਟ ਲਟ ਕਰਕੇ ਜਗਦੀ ਪ੍ਰਮਾਰਥਕ ਰੌਸ਼ਨੀ ਤਿਨ੍ਹਾਂ ਜਿੰਦੜੀਆਂ ਅੰਦਰ ਸਾਵਧਾਨਤਾ ਸਹਿਤ ਉਜਾਰਤ ਹੁੰਦੀ ਹੈ ਅਤੇ ਡੋਲਣੋਂ ਬਚਾਉਂਦੀ ਹੈ। ਉਨ੍ਹਾਂ ਦੇ ਅੰਦਰ ਸੱਚੜਾ ਗੁਰਮਤਿ ਗਿਆਨ ਪ੍ਰਕਾਸ਼ਤ ਹੁੰਦਾ ਹੈ। ਉਹ ਆਪਣੇ ਹੀ ਨਹੀਂ, ਸਗੋਂ ਸੰਸਾਰ ਭਰ ਦੇ ਦੁੱਖਾਂ ਨੂੰ

ਗੁਰੂ ਦਸਮੇਸ਼ ਜੀ ਨੇ ਪ੍ਰੇਮ ਦੀ ਏਸ ਸੱਚਾਈ ਨੂੰ ਸਭ ਤੋਂ ਸ੍ਰੇਸ਼ਟ ਪੂਰਨਾ ਪਾ ਕੇ ਸਿੱਧ ਕੀਤਾ ਕਿ ਗੁਰਮਤਿ ਅੰਦਰਿ ਨਾਮ-ਭਿੰਨੜੇ-ਪ੍ਰੇਮ ਤੋਂ ਬਿਨਾਂ ਸ਼ੁਸ਼ਕ ਪ੍ਰੇਮ ਕੋਈ ਅਰਥ ਹੀ ਨਹੀਂ ਰਖਦਾ। ਇਸ ਪ੍ਰੇਮ-ਮਈ-ਸੱਚਾਈ ਨੂੰ ਸ੍ਰੀ ਦਸਮੇਸ਼ ਜੀ ਨੇ ਸਪੱਸ਼ਟ ਤੌਰ 'ਤੇ ਦਰਸਾਇਆ ਅਤੇ ਦਰਸਾ ਕੇ ਸਿੱਧ ਕੀਤਾ ਕਿ ਵਾਹਿਗੁਰੂ ਨੂੰ ਪਾਉਣ ਦਾ ਇਕੋ ਇਕ ਵਸੀਲਾ ਨਾਮ-ਭਿੰਨੜਾ-ਪ੍ਰੇਮ ਹੀ ਹੈ।

ਕੱਟਣ ਦੇ ਸਮਰੱਥ ਹੋ ਜਾਂਦੇ ਹਨ। ਇਕ ਵੰਨਗੀ ਮਾਤਰ ਉਦਾਹਰਣ ਹੈ ਕਿ ਸ੍ਰੀ ਦਸਮੇਸ਼ ਜੀ ਨੇ ਨਿਰਭੈਤਾ ਵਾਲੀ ਸਪਿਰਿਟ ਪਰਵੇਸ਼ ਕਰਕੇ ਦਿਖਾਈ ਕਿ ਜਿਸ ਕਾਰਨ ਕਰਕੇ ਇਹ ਗੁਰਵਾਕ ਉਨ੍ਹਾਂ ਪਰਥਾਇ ਪੂਰਾ ਪੂਰਾ ਘਟਦਾ ਹੈ :

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥ (ਜਪੁਜੀ, ਸਲੋਕ, ਅੰਗ : ੮)**

ਇਹ ਇੱਕ ਨਮੂਨੇ ਮਾਤਰ ਹੀ ਸ੍ਰੀ ਦਸਮੇਸ਼ ਜੀ ਦੀ ਪੂਰਨ ਨਿਰਭੈਤਾ ਵਾਲੀ ਸਪਿਰਿਟ ਦੀ ਅਜ਼ਮਤ ਨਿਰੂਪਣ ਹੈ। ਹੋਰ ਅਨੇਕ ਉਦਾਹਰਣਾਂ ਹਨ ਜਿਨ੍ਹਾਂ ਦੇ ਕਾਰਨ ਸ੍ਰੀ ਦਸਮੇਸ਼ ਜੀ ਦਾ ਪੂਰਨ ਜੀਵਨ ਹੀ ਏਸ ਪੂਰਨੇ ਨਾਲ ਭਰਿਆ ਪਿਆ ਹੈ। ਲੇਖ ਦੇ ਵਿਸਥਾਰ ਹੋਣ ਦੇ ਤੌਖਲੇ ਨਾਲ ਏਥੇ ਹੀ ਸਮਾਪਤ ਕੀਤਾ ਜਾਂਦਾ ਹੈ।

ਦੂਜਾ ਪੂਰਨਾ ਨਿਮਰਤਾ ਦਾ ਹੈ। ਸ੍ਰੀ ਦਸਮੇਸ਼ ਜੀ ਪਾਤਸ਼ਾਹ, ਗੁਰੂ ਪਾਤਸ਼ਾਹ ਦਰਵੇਸ਼ ਜੀ ਸਦਵਾਉਂਦੇ ਸਨ। ਜਿਸ ਤੋਂ ਸਿੱਧ ਹੈ ਕਿ ਏਹਨਾਂ ਅੰਦਰਿ ਇਸ ਨਿਮਰਤਾ ਵਾਲੇ ਪੂਰਨਿਆਂ ਵਾਲੀ ਸਪਿਰਿਟ ਨੱਕਾ-ਨੱਕ ਭਰੀ ਹੋਈ ਸੀ, ਜੈਸੇ ਕਿ ਪਹਿਲੇ ਦਰਸਾਇਆ ਗਿਆ ਹੈ।

ਤੀਜਾ ਪੂਰਨਾ ਜੋ ਸ੍ਰੀ ਦਸਮੇਸ਼ ਜੀ ਨੇ ਪਾਇਆ ਉਹ ਅਮਲੀ ਸਮ-ਦਰਸਤਾ ਵਾਲਾ ਹੈ। ਜ਼ਾਲਮਾਂ ਤੇ ਮਜ਼ਲੂਮਾਂ ਨੂੰ ਇੱਕੋ ਸਮ-ਦ੍ਰਿਸ਼ਟੀ ਨਾਲਿ ਸ੍ਰੀ ਦਸਮੇਸ਼ ਪਿਤਾ ਜੀ ਨੇ ਜਾਂਚਿਆ। ਨਿਰਵੈਰਤਾ ਭੀ ਏਸੇ ਪੂਰਨੇ ਅੰਦਰਿ ਸਫ਼ਲੀ ਜਾਣਾਈ ਹੈ। ਸੱਚੇ ਪਾਤਸ਼ਾਹ ਸ੍ਰੀ ਗੁਰੂ ਦਸਮੇਸ਼ ਜੀ ਨੇ ਕਿਸੇ ਜ਼ਾਤੀ ਨਾਲ ਵੈਰ ਨਹੀਂ ਕੀਤਾ।

ਗੁਰੂ ਸੱਚੇ ਪਾਤਸ਼ਾਹ ਸ੍ਰੀ ਦਸਮੇਸ਼ ਜੀ ਦੀ ਦ੍ਰਿਸ਼ਟੀ ਅੰਦਰਿ ਜੈਸੇ ਮੁਸਲਮਾਨ ਸੀ ਵੈਸੇ ਹੀ ਹਿੰਦੂ। ਜ਼ਾਲਮ ਅਤੇ ਪ੍ਰਮਾਰਥੋਂ ਗੁਮਰਾਹ ਹੋਏ ਹੋਏ ਪਹਾੜੀਆਂ ਨਾਲਿ ਗੁਰੂ ਸਾਹਿਬ ਦਾ ਕੋਈ ਵੈਰ ਨਹੀਂ ਸੀ। ਜਦੋਂ ਪਹਾੜੀ ਰਾਜੇ ਪ੍ਰਮਾਰਥੋਂ ਗੁਮਰਾਹ ਹੋਏ ਤਾਂ ਸ੍ਰੀ ਦਸਮੇਸ਼ ਜੀ ਦੀ ਨਿਰਵੈਰ ਸਮ-ਦ੍ਰਿਸ਼ਟੀ ਅੰਦਰਿ ਉਨ੍ਹਾਂ ਹੀ ਪਹਾੜੀਆਂ ਦੀ ਸੋਧਨਾ ਇਸ ਪ੍ਰਕਾਰ ਪ੍ਰਗਟ ਹੋਈ। ਯਥਾ :

**ਮਨਮ ਕੁਸ਼ਤਹਅਮ ਕੋਹਿਯਾਂ ਪੁਰਫਿਤਨ ॥ ਕਿ ਆਂ ਬੁਤ ਪਰਸਤੰਦੁ ਮਨ ਬੁਤਸ਼ਿਕਨ॥**

**(ਭਾਵ : ਮੈਂ ਬੁੱਤ-ਪੂਜ ਪਹਾੜੀਆਂ ਦਾ ਨਾਸ਼ ਕਰਨ ਵਾਲਾ ਹਾਂ, ਕਿਉਂਕਿ ਉਹ ਬੁੱਤ ਪ੍ਰਸਤ ਹਨ ਤੇ ਮੈਂ ਬੁੱਤ ਤੋੜਨ ਵਾਲਾ।)**

ਜਿਥੇ ਪ੍ਰਮਾਰਥ ਦੇ ਸੱਚੇ ਮਾਰਗ ਤੋਂ ਘੁੱਥਿਆਂ ਹਿੰਦੂ ਪਹਾੜੀਆਂ ਨਾਲ ਭੀ ਇਹ ਨਿਰਵੈਰ ਸਮਦ੍ਰਿਸ਼ਟੀ ਦਿਖਾਈ ਓਥੇ ਤਿਨ੍ਹਾਂ ਨਾਲ ਨਿਰਵੈਰ ਸਮਦਰਸਤਾ ਭੀ ਵਰਤੀ। ਜਦੋਂ ਪਹਾੜੀਆਂ ਦੀ ਪਾਪਾਂ-ਗ੍ਰਸੀ ਬਿਰਤੀ ਉਕੀ ਹੀ ਪ੍ਰਮਾਰਥ ਤੋਂ ਸ਼ੂਨ ਹੋ ਗਈ, ਸਗੋਂ ਉਲਟੇ ਸਾਰੇ ਪਹਾੜੀ ਰਾਜੇ ਗੁਰੂ ਸਾਹਿਬ ਤੋਂ ਬੇਮੁਖ ਹੋ ਕੇ ਤੁਰਕਾਂ ਨਾਲ ਜਾ ਰਲੇ ਤਾਂ ਗੁਰੂ ਸਾਹਿਬ ਨੇ ਇਹ ਸਾਂਝਾ ਫ਼ਤਵਾ ਦਿੱਤਾ ਕਿ ਏਹਨਾਂ ਪਹਾੜੀਆਂ ਤੇ ਤੁਰਕਾਂ ਦਾ ਖ਼ਾਲਸਾ ਜੀ ਨੇ ਕਦੇ ਵਿਸਾਹ ਨਹੀਂ ਕਰਨਾ। ਵਾਸਤਵ ਵਿੱਚ ਗੁਰੂ ਸਾਹਿਬ ਸਭ ਦੀ ਭਲਾਈ ਲੋਚਦੇ ਹਨ। ਜਦੋਂ ਹਰ ਪ੍ਰਕਾਰ ਦੇ ਹੀਲੇ ਕੀਤਿਆਂ ਭੀ ਦੋਹਾਂ ਧਿਰਾਂ ਦੀ ਭਲਾਈ ਰਹਿ ਖੜੋਤੀ, ਤਦ ਗੁਰੂ ਸੱਚੇ ਪਾਤਸ਼ਾਹ ਨੇ ਏਹਨਾਂ ਦੋਹਾਂ ਦੀ ਸੁਧਾਈ ਹਿਤ ਕਮਰਕੱਸੇ ਕਰ ਲਏ। ਗੁਰੂ ਸਾਹਿਬ ਦੀ ਏਸ ਗੱਲੇ ਪੂਰੀ ਪੂਰੀ ਨਿਰਵੈਰਤਾ ਸਪੰਨ ਸਮਦਰਸਤਾ ਹੈ ਕਿ ਉਨ੍ਹਾਂ ਨੇ ਨਾ ਹੀ ਹਿੰਦੂਆਂ ਦਾ ਪਖਸ਼ ਪੂਰਿਆ, ਨਾ ਹੀ ਤੁਰਕਾਂ ਨਾਲ ਵੈਰ-ਭਾਵਨਾ ਕਮਾਈ, ਬਲਕਿ ਸੱਚੀ ਧਰਮੱਗ ਸਪਿਰਿਟ ਤੋਂ ਖ਼ਾਲੀ ਹੋਏ ਹੋਏ ਹਿੰਦੂਆਂ ਤੇ ਤੁਰਕਾਂ ਨੂੰ ਇਕ-ਸਾਰ ਹੀ ਸੋਧਿਆ। ਦੋਈ ਪ੍ਰਮਾਰਥ ਦੇ ਵੈਰੀ ਸਨ ਅਤੇ ਦੋਨੋਂ ਹੀ ਧਰਮ-ਉਪਕਾਰਤਾ ਵਾਲੀ ਸੱਚਾਈ ਤੋਂ ਦੁਰੇਡੇ ਹੋ ਗਏ ਸਨ। ਇਸ ਕਰਕੇ ਗੁਰੂ ਸੱਚੇ ਪਾਤਸ਼ਾਹ ਸ੍ਰੀ ਦਸਮੇਸ਼ ਜੀ ਨੇ ਦੋਹਾਂ ਨੂੰ ਹੀ ਸਿੱਧੇ ਰਸਤੇ ਪਾਉਣ ਵਾਲੀ ਸੱਚੀ ਸਮਦ੍ਰਿਸ਼ਟੀ ਵਰਤੀ। ਹਿੰਦੂ ਮੁਸਲਮਾਨ ਵਾਲੀ ਕਾਣ-ਕਨੌਡ ਕਿਸੇ ਦੀ ਨਹੀਂ ਰੱਖੀ।

ਆਮ ਨੇਤਾਵਾਂ ਦਾ ਇਹ ਖ਼ਿਆਲ ਉਕਾ ਹੀ ਗ਼ਲਤ ਹੈ ਕਿ ਗੁਰੂ ਸਾਹਿਬ ਸ੍ਰੀ ਦਸਮੇਸ਼ ਜੀ ਕੇਵਲ ਤੁਰਕਾਂ ਦੇ ਹੀ ਵੈਰੀ ਸਨ। ਹਰਗਿਜ਼ ਨਹੀਂ। ਗੁਰੂ ਸਾਹਿਬ ਤਾਂ ਪਾਪ ਅਤੇ ਜ਼ੁਲਮ ਦੇ ਵਿਰੋਧੀ ਸਨ। ਜ਼ਾਤ ਪਾਤ ਕਰਕੇ ਕਿਸੇ ਨਾਲ ਵੈਰ-ਵਿਰੋਧ ਨਹੀਂ ਕਮਾਇਆ। ਸਭਨਾਂ ਨੂੰ ਹੀ ਸਿੱਧੇ ਰਸਤੇ ਲਿਆਵਣ ਦੇ ਅਭਿਲਾਖੀ ਸਨ। ਸਭਨਾਂ ਕਪੁੱਠੇ ਮਾਰਗ ਪਏ ਹੋਇਆਂ ਬੰਦਿਆਂ ਦੇ ਸੋਧਕ ਸਨ। ਸੋਈ ਸਮਤੀ ਗੁਰੂ ਦਸਮੇਸ਼ ਜੀ ਨੇ ਆਪਣੇ ਸਾਜੇ ਨਿਵਾਜੇ ਖ਼ਾਲਸਾ ਜੀ ਨੂੰ ਨਦਰੀ ਨਦਰ ਨਿਹਾਲ ਹੋ ਕੇ ਬਖ਼ਸ਼ੀ ਕਿ ਕਿਸੇ ਇਕ ਜ਼ਾਤ ਕੌਮ ਦਾ ਘਾਤ ਨਹੀਂ ਕਰਨਾ, ਪਰੰਤੂ ਪਾਪਿਸ਼ਟ ਕਰਮੀ ਭਾਵੇਂ ਕੋਈ ਜ਼ਾਤੀ ਅਤੇ ਕੋਈ ਫ਼ਿਰਕਾ ਹੋਵੇ, ਦੋਹਾਂ ਨੂੰ ਸੁੱਮਤੇ ਲਾਉਣਾ ਹੈ। ਜੇ ਪਹਾੜੀ ਰਾਜਿਆਂ ਵਤ ਅੱਜ ਕੱਲ੍ਹ ਦੇ ਹਿੰਦੂ-ਡੰਮੀਏ ਭੀ ਸੱਚੇ ਪ੍ਰਮਾਰਥ ਅਤੇ ਸੱਚੇ ਧਰਮ ਮਾਰਗ ਤੋਂ ਬੇਮੁਖ ਹੋ ਜਾਣ ਤਾਂ ਤਿਨ੍ਹਾਂ ਨੂੰ ਗਏ-ਗੁਜ਼ਰੇ ਹਿੰਦੂ ਪਹਾੜੀਆਂ ਸਮਾਨ ਹੀ ਸਮਝਣਾ ਹੈ। ਉਨ੍ਹਾਂ ਦੀ ਨਿਰੇ ਹਿੰਦੂ ਹੋਣ ਕਰਕੇ ਕੋਈ ਰੱਛਿਆ ਰਿਆਇਤ ਨਹੀਂ ਕਰਨੀ। ਗੁਰੂ ਦਸਮੇਸ਼ ਜੀ ਨੇ ਸੱਚੀ ਸਮਦਰਸਤਾ ਦਾ ਸੱਚਾ ਸਬਕ ਅਮਲੀ ਤੌਰ 'ਤੇ ਖ਼ਾਲਸਾ ਪੰਥ ਨੂੰ ਸਿਖਾਇਆ। ਜਿਸ ਪਰਕਾਰ ਸ੍ਰੀ ਦਸਮੇਸ਼ ਜੀ ਨੇ ਹਿੰਦੂ ਤੁਰਕ ਵਾਲੀ ਕਾਣ-ਕਨੌਡ ਮਿਟਾ ਦੇਣ ਦੇ ਸੱਚੇ ਪੂਰਨੇ ਪਾ ਕੇ ਦਿਖਾਏ, ਓਹਨਾਂ ਹੀ ਪੂਰਨਿਆਂ ਉਤੇ ਗੁਰੂ ਦਸਮੇਸ਼ ਜੀ ਦਾ ਸਾਜਿਆ ਨਿਵਾਜਿਆ ਖ਼ਾਲਸਾ ਪੰਥ ਤਤਪਰ ਹੈ, ਤੇ ਸਦਾ ਤਤਪਰ ਰਹੇਗਾ। ਜਦੋਂ ਦਸਮੇਸ਼ ਜੀ ਨੇ ਪੇਖ ਪਰਖ ਕੇ ਦੋਹਾਂ ਹੀ ਮੱਤਾਂ ਦੀ ਕਪਟ-ਕੁਕਰਮਤਾ ਭਲੀ ਬਿਧਿ ਜਾਂਚ ਲਈ ਤਦੋਂ ਹੀ ਦੋਹਾਂ ਨੂੰ ਸੋਧਣ ਲਈ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਯਥਾ ਸ੍ਰੀ ਦਸਮੇਸ਼ ਵਾਕ :

**ਦੁਹੂੰ ਪੰਥ ਮੈ ਕਪਟ ਵਿਦਯਾ ਚਲਾਨੀ॥ ਬਹੁਰ ਤੀਸਰੋ ਪੰਥ ਕੀਨੋ ਪਰਧਾਨੀ॥**

**(ਦਸਮ ਗ੍ਰੰਥ , ਉਗ੍ਰਦੰਤੀ, ਛਕਾ ੫, ਤੁਕ ੧੩)**

**ਸ੍ਰੀ ਦਸਮੇਸ਼ ਜੀ ਨੇ ਖ਼ਾਲਸਾ ਜੀ ਨੂੰ ਸਭ ਤੋਂ ਨਿਆਰਾ ਰੱਖਿਆ ਅਤੇ ਹੁਕਮ ਬਖ਼ਸ਼ਿਆ :**

**ਜਬ ਲਗ ਖ਼ਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥**

**ਜਬ ਇਹ ਗਹੈ ਬਿਪਰਨ ਕੀ ਰੀਤ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥**

**(ਸਰਬ ਲੋਹ ਗ੍ਰੰਥ)**

ਇਸ ਬਿਧਿ ਸ੍ਰੀ ਦਸਮੇਸ਼ ਜੀ ਨੇ ਸੱਚੀ ਸਮਦਰਸਤਾ ਦਾ ਪੂਰਨਾ ਪਾ ਕੇ ਦਿਖਾਇਆ।

ਚੌਥਾ ਪੂਰਨਾ :- ਸਭ ਤੋਂ ਸ੍ਰੇਸ਼ਟ ਪੂਰਨਾ ਸ੍ਰੀ ਦਸਮੇਸ਼ ਜੀ ਨੇ ਗੁਰਮਤਿ ਸੱਚਾਈ ਦਾ ਕੌਲ-ਔ-ਫ਼ੇਅਲ (ਕਹਿਣੀ ਅਤੇ ਕਰਨੀ) ਦਾ ਪਾਇਆ, ਜੋ ਅੱਜ ਤਾਈਂ ਕਿਸੇ ਧਾਰਮਕ ਆਗੂ ਅਤੇ ਰੀਫ਼ਾਰਮਰ ਨੇ ਨਹੀਂ ਪਾਇਆ। ਸ੍ਰੀ ਗੁਰੂ ਦਸਮੇਸ਼ ਜੀ ਨੇ ਨਿਧੜਕ ਹੋ ਕੇ ਗੁਰਮਤਿ ਤਤ ਸੱਤ ਦਾ ਨਿਰਣਾ ਪੂਰਨ ਸੱਚਾਈ ਦੇ ਪੂਰਨੇ ਅਨੁਸਾਰ ਪਾ ਕੇ ਦਿਖਾਇਆ। ਸਪੱਸ਼ਟ ਤੌਰ 'ਤੇ ਪਹਿਲਾਂ ਇਹ ਸੱਚਾਈ ਦਰਸਾਈ :

**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥੯॥੨੯॥ (ਤ੍ਵਪ੍ਰਸਾਦਿ ਸਵਯੇ ਪਾ. ੧੦)**

ਏਸ ਵਿਚ ਰੰਚਕ ਸੰਦੇਹ ਨਹੀਂ ਕਿ ਸ੍ਰੀ ਗੁਰੂ ਦਸਮੇਸ਼ ਜੀ ਦਾ ਆਦਰਸ਼ ਨਾਮ-ਭਿੰਨੜਾ ਪ੍ਰੇਮ

ਹੈ। ਯਥਾ ਗੁਰਵਾਕ :

**ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ ॥੫॥ (੯॥੧) (ਸੋਰਠਿ ਮ. ੫ ਅਸਟ, ਅੰਗ : ੬੪੦)**

ਗੁਰੂ ਦਸਮੇਸ਼ ਜੀ ਨੇ ਪ੍ਰੇਮ ਦੀ ਏਸ ਸੱਚਾਈ ਨੂੰ ਸਭ ਤੋਂ ਸ੍ਰੇਸ਼ਟ ਪੂਰਨਾ ਪਾ ਕੇ ਸਿੱਧ ਕੀਤਾ ਕਿ ਗੁਰਮਤਿ ਅੰਦਰਿ ਨਾਮ-ਭਿੰਨੜੇ-ਪ੍ਰੇਮ ਤੋਂ ਬਿਨਾਂ ਸ਼ੁਸ਼ਕ ਪ੍ਰੇਮ ਕੋਈ ਅਰਥ ਹੀ ਨਹੀਂ ਰਖਦਾ। ਇਸ ਪ੍ਰੇਮ-ਮਈ-ਸੱਚਾਈ ਨੂੰ ਸ੍ਰੀ ਦਸਮੇਸ਼ ਜੀ ਨੇ ਸਪੱਸ਼ਟ ਤੌਰ 'ਤੇ ਦਰਸਾਇਆ ਅਤੇ ਦਰਸਾ ਕੇ ਸਿੱਧ ਕੀਤਾ ਕਿ ਵਾਹਿਗੁਰੂ ਨੂੰ ਪਾਉਣ ਦਾ ਇਕੋ ਇਕ ਵਸੀਲਾ ਨਾਮ-ਭਿੰਨੜਾ-ਪ੍ਰੇਮ ਹੀ ਹੈ। ਇਸ ਪੂਰਨੇ ਨੂੰ ਸਪੱਸ਼ਟ ਤੌਰ 'ਤੇ ਦਰਸਾ ਕੇ ਸਿੱਧ ਕਰਨ ਲਈ ਸ੍ਰੀ ਦਸਮੇਸ਼ ਜੀ ਨੇ ਇਹ ਗੱਲ ਭਲੀ ਪਰਕਾਰ ਨਿਰੂਪਣ ਕਰ ਦਿੱਤੀ ਕਿ ਹੋਰਨਾਂ ਮਤ-ਮਤਾਂਤ੍ਰਾਂ ਅੰਦਰਿ ਜੋ ਪੂਰਨੇ ਵਾਹਿਗੁਰੂ ਨੂੰ ਪਾਉਣ ਦੇ ਇਸ ਪ੍ਰੇਮ ਤੋਂ ਸਖਣੇ ਹਨ, ਸਭ ਨਿਸਫ਼ਲ ਹਨ। ਜੈਸਾ ਕਿ ਸ੍ਰੀ ਮੁਖਵਾਕ ਦੁਆਰਾ ਇਸ ਬਿਧਿ ਨਿਰਨਾ ਹੈ :

**ਪ੍ਰੀਤਿ ਕਰੇ ਪ੍ਰਭੁ ਪਾਯਤ ਹੈ ਕ੍ਰਿਪਾਲ ਨ ਭੀਜਤ ਲਾਂਡ ਕਟਾਏ ॥੧੦੦॥ (ਬਚਿਤ੍ਰ ਨਾਟਕ, ਅਧਿਆਇ : ੧)**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬਾਣੀ ਅਨੁਸਾਰ ਏਥੇ ਇਸ ਮਹਾਂਵਾਕ ਦੁਆਰਾ ਆਨ-ਮੱਤੀਆਂ, ਖ਼ਾਸ ਕਰ ਤੁਰਕਾਂ ਦੀ ਸ਼ੁਸ਼ਕ ਸੁੰਨਤ ਕ੍ਰਿਆ ਵਲ ਸਪੱਸ਼ਟ ਇਸ਼ਾਰਾ ਹੈ ਅਤੇ ਏਸ ਇਸ਼ਾਰੇ ਨੂੰ ਸਪੱਸ਼ਟਤਾਈ ਸਹਿਤ ਦਰਸਾਉਣ ਦਾ ਸੱਚਾ ਪੂਰਨਾ ਸ੍ਰੀ ਦਸਮੇਸ਼ ਜੀ ਨੇ ਪਾਇਆ ਹੈ :

**ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥...॥੩॥ (੪॥੮)**

**(ਆਸਾ ਕਬੀਰ ਜੀ, ਅੰਗ : ੪੭੭)**

ਵਾਲੇ ਗੁਰਵਾਕ ਦਾ ਇੰਨ ਬਿੰਨ ਅਨੁਵਾਦ ਕਰ ਵਿਖਾਇਆ ਹੈ। ਪਰੰਤੂ ਬਿਨਾਂ ਕਿਸੇ ਰੌ-ਰਿਆਇਤ ਅਤੇ ਝਕ-ਝੇਪ ਦੇ ਤੱਤ-ਸੱਚਾਈ ਦਾ ਪੂਰਨਾ ਪਾ ਕੇ ਸਪੱਸ਼ਟ ਕੀਤਾ ਹੈ ਕਿ ਸੱਚੇ ਗੁਰਮਤਿ ਪ੍ਰਮਾਰਥੀ ਪ੍ਰੇਮ-ਬਿਹੂਨ ਹੋਰ ਸਭ ਕ੍ਰਿਆ, ਆਨਮਤੀਆਂ ਦੀ ਸੁੰਨਤ ਆਦਿ ਸਭ ਬਿਰਥੀ ਹੈ। ਏਸ ਦੁਆਰਾ ਪਰਮਾਤਮਾ ਪਾਇਆ ਹੀ ਨਹੀਂ ਜਾ ਸਕਦਾ।

ਪਾਇਆ ਜਾ ਸਕਦਾ ਹੈ ਤਾਂ ਕੇਵਲ ਗੁਰਮਤਿ ਨਾਮ-ਭਿੰਨੜੇ-ਪ੍ਰੇਮ ਦੁਆਰਾ ਹੀ ਪਾਇਆ ਜਾ ਸਕਦਾ ਹੈ। ਇਹ ਸੱਚਾਈ ਚਾਹੇ ਕਿਸੇ ਅਨਮਤੀ ਪੁਰਸ਼ ਨੂੰ ਕੌੜੀ ਹੀ ਲੱਗੇ, ਪਰੰਤੂ ਸ੍ਰੀ ਦਸਮੇਸ਼ ਜੀ ਨੇ ਇਸ ਸਾਰ-ਸੱਚਾਈ ਵਾਲੇ ਪੂਰਨੇ ਨੂੰ ਸਪੱਸ਼ਟ ਤੌਰ 'ਤੇ ਪਾ ਹੀ ਦਿੱਤਾ। ਬਚਿੱਤ੍ਰ ਨਾਟਕ ਅੰਦਰਿ ਜਿਸ ਸਾਰ-ਸੱਚਾਈ ਨੂੰ ਨਿਰੂਪਣ ਕਰਕੇ ਸ੍ਰੀ ਦਸਮੇਸ਼ ਜੀ ਨੇ ਇਸ ਨੂੰ ਖ਼ਾਸ ਦਰਸਾਉਣ ਦਾ ਪੂਰਨਾ ਪਾਇਆ ਹੈ, ਉਹ ਕਿਸੇ ਤੋਂ ਵੀ ਨਹੀਂ ਪੈਂਦਾ। ਇਹ ਸ੍ਰੀ ਦਸਮੇਸ਼ ਜੀ ਨੂੰ ਸਮਰੱਥਾ ਹੈ ਕਿ ਇਸ ਗੁਰਮਤਿ ਤੱਤ-ਸੱਚਾਈ ਨੂੰ ਹੀ ਸਪੱਸ਼ਟ ਤੌਰ 'ਤੇ ਦਰਸਾ ਕੇ ਸਿੱਧ ਕੀਤਾ ਜਾਏ ਕਿ ਨਾਮ-ਭਿੰਨੜੇ-ਪ੍ਰੇਮ ਬਿਨਾਂ ਸਾਰੇ ਕਰਮ ਧਰਮ ਨਿਸਫ਼ਲ ਹਨ।

ਇਸ ਸੱਚਾਈ ਨੂੰ ਮੁਖ ਰਖ ਕੇ ਸ੍ਰੀ ਦਸਮੇਸ਼ ਜੀ ਨੇ ਸਮੱਗਰ ਆਨਮੱਤ ਨੇਤਾਵਾਂ ਦਾ ਪੋਲ ਖੋਲ੍ਹ ਕੇ ਸਪੱਸ਼ਟ ਕਰ ਦਿੱਤਾ ਹੈ ਕਿ ਨਾਮ-ਭਿੰਨੜਾ-ਪ੍ਰੇਮ ਸਿਵਾਏ ਗੁਰਮਤਿ ਦੇ ਕਿਸੇ ਵੀ ਅਨ-ਮੱਤ ਅੰਦਰਿ ਅਤੇ ਅਨ-ਮੱਤ ਨੇਤਾ ਦੇ ਕਿਸੇ ਵੀ ਮਿਸ਼ਨ ਅੰਦਰ ਨਹੀਂ ਪਾਇਆ ਜਾਂਦਾ। ਇਹ ਵਡਿਆਈ, ਇਸ ਤਤ ਸੱਤ ਸੱਚਿਆਈ ਨੂੰ ਇੰਨ ਬਿੰਨ ਪ੍ਰਗਟਾਉਣ ਲਈ, ਅਕਾਲ ਪੁਰਖ ਨੇ ਕੇਵਲ ਸ੍ਰੀ ਦਸਮੇਸ਼ ਜੀ ਨੂੰ ਬਖ਼ਸ਼ੀ।

ਇਤਨੇ ਪੂਰਨਿਆਂ ਦਾ ਮਾਲਕ ਹੁੰਦਾ ਹੋਇਆ ਭੀ ਸਾਡਾ ਸ੍ਰੀ ਦਸਮੇਸ਼ ਪਿਤਾ ਸ੍ਵਾਸ

ਸ੍ਵਾਸ ਨਾਮ ਅਭਿਆਸ ਦੇ ਰੰਗਾਂ ਵਿਚ ਜੁੱਧਾਂ-ਜੰਗਾਂ ਵਿਚ ਅਹਿਨਿਸ ਰੱਤੜਾ ਹੀ ਰਹਿੰਦਾ ਹੈ। ਹੋਰ ਸਭ ਪੂਰਨੇ ਏਸ ਸੱਚਾਈ ਦੇ ਪੂਰਨੇ ਦੀ ਰੌਸ਼ਨੀ ਵਿਚ, ਸਮੱਗਰ ਤੌਰ 'ਤੇ ਆਏ ਸਪੱਸ਼ਟਾਏ ਗਿਣੇ ਜਾਂਦੇ ਹਨ।

# ਗੁਲੇ ਹੋਲੀ

**ਗੁਲੇ ਹੋਲੀ ਬਬਾਗ਼ੇ ਦਹਰ ਬੂ ਕਰਦ ॥ ਲਬੇ ਚੂੰ ਗ਼ੁੰਚਹ ਰਾ ਫਰਖ਼ੰਦਹ ਖ਼ੂ ਕਰਦ ॥**
**ਗੁਲਾਬੋ ਅੰਬਰੋ ਮੁਸ਼ਕੋ ਅਬੀਰੋ ॥ ਚੁ ਬਾਰਾਂ ਬਾਰਸ਼ੇ ਅਜ਼ ਸੂ ਬਸੂ ਕਰਦ ॥**
**ਜ਼ਹੇ ਪਿਚਕਾਰੀਏ ਪੁਰ ਜ਼ਾਫ਼ਰਾਨੀ ॥ ਕਿ ਹਰ ਬੇਰੰਗ ਰਾ ਖੁਸ਼ ਰੰਗੋ ਬੂ ਕਰਦ ॥**
**ਗੁਲਾਲ ਅਫ਼ਸ਼ਾਨੀ ਅਜ਼ ਦਸਤੇ ਮੁਬਾਰਕ ॥ ਜ਼ਮੀਨੋ ਆਸਮਾਂ ਰਾ ਸੁਰਖ਼ਰੂ ਕਰਦ ॥**
**ਦੂ ਆਲਮ ਗਸ਼ਤ ਰੰਗੀਂ ਅਜ਼ ਤੁਫ਼ੈਲਸ਼ ॥ ਚੁ ਸ਼ਾਹਮ ਜਾਮਹ ਰੰਗੀਂ ਦਰ ਗੁਲੂ ਕਰਦ ॥**
**ਕਸੇ ਕੋ ਦੀਦ ਦੀਦਾਰੇ ਮੁਕੱਦਸ ॥ ਮੁਰਾਦੇ ਉਮਰ ਰਾ ਹਾਸਿਲ ਨਿਕੋ ਕਰਦ ॥**
**ਸ਼ਵਦ ਕੁਰਬਾਨਿ ਖ਼ਾਕੇ ਰਾਹੇ ਸੰਗਤ ॥ ਦਿਲੇ 'ਗੋਯਾ', ਹਮੀਂ ਬਸ ਆਰਜ਼ੂ ਕਰਦ ॥**
**(ਭਾਈ ਨੰਦ ਲਾਲ ਜੀ, ਗਜ਼ਲ ੩੨)**

## ਅਰਥ

੧. ਹੋਲੀ ਦਾ ਫ਼ੁਲ ਖਿੜਿਆ ਸੁਗੰਧੀ ਨਾਲ ਸਾਰਾ ਬਾਗ਼ ਮਹਿਕ ਪਿਆ। ਮੂੰਹ (ਪ੍ਰੀਤਮ ਦਾ) ਕਲੀ ਵਾਂਗ ਖਿੜ ਗਿਆ।
੨. ਗ਼ੁਲਾਬ ਅੰਦਰ ਕਸਤੂਰੀ ਅਤੇ ਅੰਬੀਰ ਸਾਰੇ ਪਾਸੇ ਮੀਂਹ ਵਾਂਗ ਵਰਸਣ ਲੱਗ ਪਏ।
੩. ਕੇਸਰ ਨਾਲ ਭਰੀ ਹੋਈ ਸੋਹਣੀ ਪਿਚਕਾਰੀ ਨੇ ਸਭ ਦੇ ਚਿੱਟੇ ਕੱਪੜਿਆਂ ਨੂੰ ਸੋਹਣਾ ਰੰਗ ਦਿੱਤਾ।
੪. ਸਤਿਗੁਰੂ ਨੇ ਆਪਣੇ ਹੱਥਾਂ ਨਾਲ ਗੁਲਾਲ ਉਡਾ ਕੇ ਧਰਤੀ ਤੇ ਆਕਾਸ਼ ਨੂੰ ਵੀ ਰੰਗ ਦਿੱਤਾ।
੫. ਉਨ੍ਹਾਂ ਦੀ ਕਿਰਪਾ ਨਾਲ ਦੋਵੇਂ ਲੋਕ ਰੰਗੇ ਗਏ ਹਨ, ਜਦੋਂ ਉਸ ਦਸਮੇਸ਼ ਪਿਆਰੇ ਨੇ ਰੰਗਿਆ ਚੋਲਾ ਪਾਇਆ ਹੈ।
੬. ਜਿਸ ਨੇ ਉਨ੍ਹਾਂ ਦਾ ਦਰਸ਼ਨ ਕੀਤਾ ਸਾਰੀ ਉਮਰ ਦੀਆਂ ਆਸਾਂ ਪੂਰਨ ਕਰ ਲਈਆਂ।
੭. ਸਾਧ ਸੰਗਤ ਦੇ ਚਰਨਾਂ ਦੀ ਧੂੜ ਤੋਂ ਕੁਰਬਾਨ ਜਾਵਾਂ। ਇਹ ਹੀ ਮੇਰਾ (ਗੋਯਾ ਦਾ) ਦਿਲ ਚਾਹੁੰਦਾ ਹੈ।



# ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਪੰਥ

**ਪ੍ਰੋ. ਪੂਰਨ ਸਿੰਘ ਜੀ**

ਇਹ ਪੰਥ ਗੁਰੂ ਗੋਬਿੰਦ ਸਿੰਘ ਨੇ ਸਾਜਿਆ। ਇਹ ਉਨ੍ਹਾਂ ਅਣਖੀ ਸੂਰਮਿਆਂ ਦਾ ਪੰਥ ਹੈ ਜਿਹੜੇ ਨਾਮ ਅਤੇ ਸਿਮਰਨ ਵਾਲਾ ਅੰਤਰਮੁਖੀ ਜੀਵਨ ਜਿਊਂਦੇ ਹਨ। ਉਹ, ਉਹ ਹਨ ਜਿਨ੍ਹਾਂ ਦੀ ਮੌਜੂਦਗੀ ਸ਼ਾਂਤ-ਅੰਮ੍ਰਿਤ ਨਾਲ ਦੁਆਲਾ ਰੰਗ ਦਿੰਦੀ ਹੈ। ਉਹ ਨਾ ਹੀ ਰਾਜ ਚਾਹੁੰਦੇ ਹਨ ਅਤੇ ਨਾ ਹੀ ਮੁਕਤੀ, ਕੇਵਲ 'ਮਨ ਪ੍ਰੀਤ ਚਰਨ ਕਮਲਾਰੇ' ਦੇ ਧਾਰਣੀ ਹਨ। ਨਾ ਹੀ ਉਹ ਯੋਗ ਰਹੱਸ-ਪੂਰਨ ਅਤੇ ਨਾ ਹੀ ਭੋਗ ਦੀ ਵਾਸ਼ਨਾ ਪੂਰਨ ਖ਼ੁਸ਼ੀ ਦੇ ਇੱਛੁਕ ਹਨ, ਉਹ ਤਾਂ ਕੇਵਲ ਉਸ ਦਾ ਪਿਆਰ ਅੰਮ੍ਰਿਤ ਮੰਗਦੇ ਹਨ, ਉਸ ਦੀ ਬਾਣੀ ਦੀ ਸ਼ਬਨਮ ਦੇ ਛਲਕਦੇ ਜਾਮ। ਉਹ ਜੀਵਨ ਦੇ ਦਾਰਸ਼ਨਿਕ ਗ਼ਮਾਂ ਨਾਲ ਭਰੇ ਪੀਤੇ ਪਏ ਹਨ ਅਤੇ ਉਹ ਆਪਣੀ ਪਿਆਸ ਅਤੇ ਸਭ ਦੁਖੀਆਂ ਦੀ ਪਿਆਸ ਬੁਝਾਉਣ ਲਈ ਬੰਬੀਹੇ ਵਾਂਗ ਸਵਾਂਤੀ ਬੂੰਦ ਨੂੰ ਟੇਰਦੇ ਹਨ। ਮਹਿਬੂਬ ਦਾ ਨਾਮ ਜਪਣ ਨਾਲ ਹੀ ਉਹ ਇਸ ਰੂਹਾਨੀ ਸਥਿਤੀ ਨੂੰ ਕਾਇਮ ਰੱਖ ਸਕਦੇ ਹਨ ਅਤੇ ਕਿਉਂਕਿ ਉਨ੍ਹਾਂ ਦੀ ਇਹ ਪਿਆਸ ਅਸੀਮ ਹੈ ਅਤੇ ਜਾਪ, ਪੰਛੀਆਂ ਦੀ ਨਿਰੰਤਰ ਕੂਕ ਵਰਗਾ। ਰੂਹਾਨੀ ਮਰਦਾਨਗੀ ਦਾ ਭੇਦ ਮਹਿਬੂਬ ਪ੍ਰਤੀ ਵਿਗਸਿਆ ਪਿਆਰ ਹੈ ਅਤੇ ਇਹ ਪਿਆਰ ਗੁਰੂ ਬਾਣੀ ਦੇ ਨਿਰੰਤਰ ਪਾਠ ਅਤੇ ਗੁਰੂ ਦਾ ਨਾਮ ਜਪਣ ਵਿਚ ਹੈ।

ਇਸ ਪੰਥ ਦੀ ਰੰਗ ਰੱਤੜੀ ਹਸਤੀ ਬਾਣੀ ਨਾਲ ਜੁੜੀ, ਪਿਆਰ ਵਿਗੁਤੀ, ਸ਼ਕਤੀਸ਼ਾਲੀ ਅਤੇ ਨਿਮਰ, ਨਿਰਭੈ, ਮੌਤ ਨੂੰ ਮਖੌਲਾਂ ਕਰਦੀ, ਮੌਤ ਨੂੰ ਜੱਫੀਆਂ ਪਾਉਂਦੀ, ਮਾਲਕ ਦੇ ਨਾਂ ਤੋਂ ਸਦਾ ਨਿਰਸਵਾਰਥ ਜਾਨ ਵਾਰ ਦਿੰਦੀ, ਸ਼ਮ੍ਹਾਂ ਦੁਆਲੇ ਪਰਵਾਨੇ ਵਾਂਗ ਸੜ ਉਠਦੀ, ਨਾਇਕਾਂ ਵਾਂਗ ਜਿਊਂਦੀ, ਚੰਦਰ ਮੰਡਲ ਵਾਂਗ ਚਮਕਦੀ, ਮਸਤੀ ਭਰੀ, ਹਰ ਸਮੇਂ ਮਿਠਤ ਹੁਲਸਾਈ, ਜੀਵਨ ਦੇ ਗ਼ਮਾਂ ਤੋਂ ਉਪਰ ਉਠੀ, ਸਰਬੱਤ ਦਾ ਭਲਾ ਮੰਗਦੀ ਅਤੇ ਨਿਸ਼ਕਾਮ ਵਿਚਰਦੀ ਹੈ, ਛੁਟ ਉਸ ਦੇ ਨਾਮ ਜਪਣ ਤੋਂ। ਸਵਾਸ ਸਵਾਸ ਨਾਮ ਜਪਣਾ, ਸੱਚਾਈ ਹੈ, ਨਿੱਜੀ ਸੱਚਾਈ ਅਤੇ ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਲਈ ਸੰਪੂਰਨ ਸੱਚਾਈ।

ਜਿਵੇਂ ਕਿ ਗੁਰੂ ਸਾਹਿਬਾਂ ਫ਼ਰਮਾਇਆ ਹੈ, ਅਜਿਹੀ ਅਗੰਮੀ ਹਸਤੀ ਦੀ ਪਛਾਣ, ਜੋ ਰੱਬ ਵਾਂਗ ਨਿਰਾਕਾਰ ਹੈ, ਮਨ ਮੰਦਰ ਵਿਚ, ਨਾਮ ਦੀ ਜੋਤ, ਜੀਵਨ ਸ਼ਮ੍ਹਾਂ ਨੂੰ ਸਦਾ ਬਲਦਿਆਂ ਰੱਖਣ ਨਾਲ ਹੁੰਦੀ ਹੈ। ਜਿਸ ਦੇ ਮਨ ਮੰਦਰ ਵਿਚ ਅਜਿਹੀ ਸ਼ਮ੍ਹਾਂ ਨਿਸਬਾਸਰ ਬਲਦੀ ਰਹੇ, ਉਹ ਸੱਚਾ ਖ਼ਾਲਸਾ ਹੈ।

ਉਸ ਜੋਤ ਦਾ ਚਿੰਨ੍ਹਾਤਮਕ ਪ੍ਰਗਟਾਵਾ ਨਾਮ ਜਪਣਾ ਹੈ। ਮਨੁੱਖ ਦੇ ਸਵਾਸ ਉਸ ਨਾਲ ਗੂੰਜਦੇ ਹਨ ਅਤੇ ਰੋਮ-ਰੋਮ ਵਿਚ ਉਸ ਦਾ ਅੰਮ੍ਰਿਤ ਭਰਿਆ ਪਿਆ ਹੈ। ਉਪਰਲੀਆਂ ਪਿਪਣੀਆਂ ਹੇਠ ਅੱਖਾਂ ਉਪਰ ਵੱਲ ਅੱਧ ਤੱਕ ਪੁੱਜ ਜਾਂਦੀਆਂ ਹਨ, ਮੱਥਾ ਅੰਮ੍ਰਿਤ ਭਿੰਨਾ ਹੋ ਜਾਂਦਾ ਹੈ, ਜਿਵੇਂ ਕਿ ਉਹ ਕੋਈ ਸੋਮਾ ਹੋਵੇ ਅਤੇ ਹਜ਼ਾਰਾਂ ਸਾਫ਼ ਚਸ਼ਮੇ ਇਸ ਹਿਮਾਲੀਆ ਵਿਚੋਂ ਹੇਠਾਂ ਨੂੰ ਵਹਿ ਰਹੇ ਹੋਣ, ਜੋ ਕੇਵਲ ਇਕ ਮਨੁੱਖ ਦੀ ਧਰਤ ਨੂੰ ਜ਼ਰਖੇਜ਼ ਨਹੀਂ ਕਰਦੇ, ਸਗੋਂ ਉਨ੍ਹਾਂ ਸਾਰਿਆਂ ਦੀ ਨੂੰ, ਜੋ ਉਸ ਦੀ ਜ਼ਦ ਵਿਚ ਆਉਂਦੇ ਹਨ। ਖ਼ਾਲਸਾ

ਕਿਸੇ ਝੀਲ, ਸੋਮੇ, ਦਰਿਆ ਵਾਂਗ ਸੁਤੇ ਸਿੱਧ ਵਿਸ਼ਵ-ਵਿਆਪੀ ਸਦ-ਭਾਵਨਾ, ਸ਼ਾਂਤ ਅਤੇ ਪਿਆਰ ਦੀਆਂ ਝਲਕਾਂ ਮਾਰਨ ਲੱਗ ਪੈਂਦਾ ਹੈ। ਚਾਰੇ ਪਾਸੇ ਚਟਾਕ ਚਾਨਣਾ ਹੋ ਜਾਂਦਾ ਹੈ, ਕੋਈ ਭੂਤ-ਪ੍ਰੇਤ ਜਾਂ ਭੈੜੀ ਰੂਹ ਅਜਿਹੀ ਹਸਤੀ ਦੇ ਨੇੜੇ ਨਹੀਂ ਫਟਕ ਸਕਦੀ।

ਉਨ੍ਹਾਂ ਦਾ ਨੀਤੀ-ਸ਼ਾਸਤਰ ਕਿਤਾਬੀ ਨਹੀਂ, ਅਲਜਬਰੇ ਦੇ ਫਾਰਮੂਲਿਆਂ ਦਾ ਵੀ ਨਹੀਂ, ਅਖੌਤੀ ਇਖ਼ਲਾਕੀ ਜਾਂ ਗ਼ੈਰ-ਇਖ਼ਲਾਕੀ ਕਰਨੀ ਨੂੰ ਚਤੁਰਾਈ ਨਾਲ ਸਿੱਧ ਕਰਨ ਦਾ ਵੀ ਨਹੀਂ। ਉਹ ਆਪਣੇ ਪਵਿੱਤਰ ਨਿਸ਼ਕਾਮਤਾ ਕਾਰਨ ਕੁਦਰਤ ਦੀ ਰੂਹ ਨਾਲ ਇਕ ਸੁਰ ਹਨ। ਉਹ ਪਰਬਤ ਹਨ, ਦਰਿਆ ਹਨ, ਬੱਦਲ ਹਨ ਅਤੇ ਫੁੱਲ ਹਨ। ਜਿੱਥੇ ਵੀ ਕੋਈ ਗ਼ੁਲਾਬ ਦਾ ਫੁੱਲ ਹੈ, ਉਹ ਖ਼ੁਸ਼ਬੂ ਆਲੇ-ਦੁਆਲੇ ਆਪਣੇ ਆਪ ਖਲੇਰ ਦਿੰਦਾ ਹੈ। ਖ਼ਾਲਸਾ ਆਪਣੀ ਰੂਹਾਨੀ ਮਿੱਠਤ ਨੂੰ ਧਰਤੀ ਦੇ ਜਿਸ ਕੋਨੇ 'ਤੇ ਵੀ ਹੋਵੇ, ਵੰਡ ਹੀ ਨਹੀਂ ਦਿੰਦਾ, ਸਗੋਂ ਉਹ ਤਾਂ ਆਪਣੇ ਆਪ ਨਿਕਲ-ਨਿਕਲ ਪੈਂਦੀ ਹੈ, ਇਕ ਜ਼ੋਰਦਾਰ ਸੁਹਿਰਦਤਾ ਨਾਲ। ਉਹ ਸਦਾ ਦਇਆ ਦਾ ਸ਼ਹਿਜ਼ਾਦਾ ਹੈ।

ਗੁਰੂ ਅਮਰਦਾਸ ਕਿਸੇ ਵਿਧਵਾ ਦੇ, ਉਸ ਦੇ ਪਤੀ ਦੇ ਸਵਰਗਵਾਸ ਹੋਣ 'ਤੇ ਪਾਏ ਕੀਰਨੇ ਅਤੇ ਕਿਸੇ ਮਾਂ ਦਾ ਆਪਣੇ ਪੁੱਤਰ ਦੀ ਮੌਤ 'ਤੇ ਕੀਤਾ ਵਿਰਲਾਪ ਨਹੀਂ ਸੁਣ ਸਕਦੇ। ਇਸ ਤਰ੍ਹਾਂ ਹੋਇਆ ਕਿ ਮਾਲਕ ਦੇ ਨਿਵਾਸ ਸਥਾਨ, ਗੋਇੰਦਵਾਲ ਵਿਚ ਉਨ੍ਹਾਂ ਨੇ ਜੀਵਨ ਭਰ ਦੇ ਸਮੇਂ ਦੇ ਦੌਰਾਨ ਅਜਿਹੀ ਕੋਈ ਦੁਰਘਟਨਾ ਨਹੀਂ ਹੋਈ। ਗੁਰੂ ਤੇਗ਼ ਬਹਾਦਰ ਮਨੁੱਖੀ ਦੁੱਖਾਂ ਨੂੰ ਬਰਦਾਸ਼ਤ ਨਹੀਂ ਸਨ ਕਰ ਸਕਦੇ ਉਨ੍ਹਾਂ ਦੀ ਬਾਣੀ ਅਥਰੂ ਭਿਜੀ, ਅਸੀਮ ਵੈਰਾਗਮਈ ਹੈ, ਜੋ ਉਸ ਨਾਲ ਦੁਖੀ ਮਨੁੱਖ ਨੂੰ ਖ਼ੁਸ਼ੀ ਅਤੇ ਮੁਕਤੀ ਮਿਲ ਸਕੇ। ਗੁਰੂ ਗੋਬਿੰਦ ਸਿੰਘ ਦਾ ਭਾਰਤ ਦੇ ਗ਼ੁਲਾਮਾਂ ਪ੍ਰਤੀ ਭਰਮ ਭਾਵਨਾ ਕਾਰਨ ਤਿਆਗ ਵੀ ਅਸੀਮ ਹੈ। ਉਹ ਤਾਂ ਦੁਖੀਆਂ ਦੀ ਹਾਲਤ ਨੂੰ ਸੁਧਾਰਨ ਲਈ ਆਪਣੇ ਰੱਬ ਦੀ ਵੀ ਕੁਰਬਾਨੀ ਦੇ ਦਿੰਦਾ ਹੈ। ਦਸ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਅਤੇ ਆਪਣੇ ਵਡਿਕਿਆਂ ਦੀ ਰੂਹਾਨੀ ਵਿਰਾਸਤ ਤੋਂ ਮਿਲਦੀ ਪ੍ਰੇਰਨਾ ਅਨੁਸਾਰ ਖ਼ਾਲਸਾ ਉਹ ਹੈ, ਜੋ ਉਤਸ਼ਾਹ ਦੀ ਮਸ਼ਾਲ ਜਲਾਈ ਰੱਖਦਾ ਹੈ, ਕਿਸੇ ਸੰਕਲਪ ਖ਼ਾਤਰ ਨਹੀਂ, ਕਿਸੇ ਲਾਭ ਖ਼ਾਤਰ ਨਹੀਂ, ਸਗੋਂ ਗੁਰੂ ਗੋਬਿੰਦ ਸਿੰਘ ਦੇ ਹੁਕਮ ਦੀ ਪਾਲਣਾ ਵਿਚ ਅਤੇ ਸਹਿਜੇ ਉਸ ਦੇ ਨਾਮ ਸਿਮਰਨ ਵਿਚ ਜੁੜਿਆ ਰਹਿੰਦਾ ਹੈ। ਖ਼ਾਲਸਾ ਆਪਣੀ ਰੂਹ ਦੇ ਟਾਂਗੇ ਦਾ ਕੋਚਵਾਨ ਹੈ। ਜਦੋਂ ਸਿਮਰਨ ਦੀ ਜੋਤ ਜਗਦੀ ਹੈ, ਸਿੱਖ ਮਰ ਜਾਂਦਾ ਹੈ। ਜਿਵੇਂ ਰੁੱਖ ਨੂੰ ਬੂਰ ਪੈਂਦਾ ਹੈ, ਉਸ ਤਰ੍ਹਾਂ ਸਿੱਖ ਨਾਮ ਅਤੇ ਸਿਮਰਨ ਦੀ ਖ਼ੁਸ਼ੀ ਨਾਲ ਖੇੜੇ 'ਤੇ ਆ ਜਾਂਦਾ ਹੈ। ਜਿਵੇਂ ਰੁੱਖ ਚਲਦੀ ਹਵਾ ਨੂੰ ਆਪਣੀ ਉਤਮ ਵਸਤੂ ਦੇ ਦਿੰਦਾ ਹੈ, ਇਸ ਤਰ੍ਹਾਂ ਸਿੱਖ ਸਭ ਨੂੰ ਸਰਵਸਵ ਦੇ ਦਿੰਦਾ ਹੈ। ਮੇਰੀ ਅਧਿਆਤਮਿਕ ਕਰਨੀ ਲਈ, ਮੈਂ ਨਹੀਂ, ਉਹ ਜ਼ਿੰਮੇਵਾਰ ਹੈ, ਜੋ ਬਸੰਤ ਸਮੇਂ ਹਰ ਰੁੱਖ 'ਤੇ ਜੋਬਨ ਲੈ ਆਉਂਦਾ ਹੈ, ਜੋ ਸਾਰਿਆਂ ਨੂੰ ਚਮਕ ਬਖ਼ਸ਼ਦਾ ਹੈ। ਮੈਂ ਜੀਵਨ ਭੇਦ ਪਾ ਲਿਆ ਹੈ ਅਤੇ ਮੈਂ ਆਪਣੇ ਆਪ ਨੂੰ ਬੱਦਲ ਦੀ ਟੁਕੜੀ ਵਾਂਗ ਰੱਖਦਾ ਹਾਂ, ਉਸ ਦੇ ਆਦੇਸ਼ ਵਿਚ ਵੱਸ ਪੈਂਦਾ ਹਾਂ, ਬਿਜਲੀ ਬਣ ਚਮਕ ਪੈਂਦਾ ਹਾਂ। ਮੇਰੀ ਕਰਨੀ ਮੇਰੇ ਜਜ਼ਬਾਤ ਦੀ ਮੂੰਹ ਬੋਲਦੀ ਤਸਵੀਰ ਹੈ, ਅਜਿਹੀ ਉਸ ਦੀ ਖ਼ੁਸ਼ੀ ਹੈ। ਸਾਰੇ ਕਾਰਜ, ਮੇਰੇ ਲਈ, ਉਸੇ ਸੁਪਨਮਈ ਲੈਅ ਵਿਚ ਸੈਟ ਹਨ, ਅਜਿਹੀ ਉਸ ਦੀ ਰਜ਼ਾ ਹੈ।

ਸੰਸਾਰ ਦੇ ਸੱਚ ਮੇਰੇ ਲਈ ਝੂਠ ਹਨ, ਉਨ੍ਹਾਂ ਲਈ ਨਿਰ-ਵਿਵਾਦ, ਹਨੇਰੇ ਦੇ ਵਿਚਾਰ ਹਨ-ਗੈਰ-ਹਕੀਕੀ, ਭੂਤਾਂ ਵਰਗੇ, ਜਿਨ੍ਹਾਂ ਦੀ ਛਾਇਆ ਤੋਂ ਵੀ ਮੈਨੂੰ ਡਰ ਲੱਗਦਾ ਹੈ ਅਤੇ ਜਿਨ੍ਹਾਂ ਤੋਂ ਮੈਂ ਦੂਰ ਭੱਜਦਾ ਹਾਂ। ਮੇਰੇ ਪੰਥ ਦੇ ਤਾਂ ਮਨੁੱਖਤਾ ਦੇ ਇਤਿਹਾਸ ਵਿਚ ਵਿਰਲੇ ਹੀ ਹਨ ਜਿਹੜੇ ਆਪਣੇ ਆਪ ਨੂੰ ਖ਼ਾਲਸਾ ਅਖਵਾਉਂਦੇ ਹਨ ਪਰ ਅੰਦਰੋਂ ਰੂਹਾਨੀ ਤੌਰ 'ਤੇ, ਨਿਯਤਨ, ਇਲਹਾਮੀ ਹਨ ਅਤੇ ਅਚੇਤ ਤੌਰ 'ਤੇ ਗੁਰੂ ਦੇ ਨਹੀਂ ਹਨ, ਦਾ ਨਾਂ ਸੂਚੀ ਵਿਚੋਂ ਕੱਟ ਦਿੱਤਾ ਗਿਆ ਹੈ। ਉਨ੍ਹਾਂ ਸਾਰਿਆਂ ਨੂੰ ਜਿਨ੍ਹਾਂ ਨੂੰ ਰੂਹਾਨੀ ਜੀਵਨ ਦੀ ਖ਼ਾਲਸੇ ਵਾਲੀ ਸਥਿਤੀ ਪ੍ਰਾਪਤ ਹੈ, ਹੀ ਗੁਰੂ ਗੋਬਿੰਦ ਸਿੰਘ ਦੇ ਘਰ ਵਿਚ ਥਾਂ ਮਿਲਦੀ ਹੈ ਅਤੇ ਉਹ ਸਾਡੇ ਹਨ। ਪੰਥ ਦਾ ਪਸਾਰਾ, ਹਵਾ, ਪਾਣੀ, ਅੱਗ, ਬੱਦਲਾਂ, ਸੂਰਜ ਅਤੇ ਤਾਰਿਆਂ ਵਿਚ ਹੈ। ਮੈਂ ਇਸ ਪਵਿੱਤਰ ਗੁਪਤ ਪੰਥ ਦੀ ਜੈ-ਜੈਕਾਰ, ਫੁੱਲਾਂ ਦੀਆਂ ਪੱਤੀਆਂ, ਪ੍ਰਕਿਰਤਕ ਨਜ਼ਾਰਿਆਂ ਦੀ ਸੁੰਦਰਤਾ ਤੋਂ ਘੜੇ ਸੰਗੀਤ ਰੂਪੀ ਬੁੱਤਾਂ ਤੋਂ ਸੁਣਦਾ ਹਾਂ। ਬੱਦਲ ਮੇਰੇ ਨਾਲ ਹਮਦਰਦੀ ਕਰਦਾ ਹੈ ਅਤੇ ਸੂਰਜ ਦਾ ਮੇਰੇ ਪ੍ਰਤੀ ਪਿਆਰ ਅਸੀਮ ਅਤੇ ਬਿਨਾਂ ਕਿਸੇ ਸ਼ਰਤ ਤੋਂ ਹੈ। ਮਰਦਾਂ ਅਤੇ ਇਸਤ੍ਰੀਆਂ ਦੀ ਸੰਗਤ ਵਿਚ ਇਕ ਵਡੱਪਣ ਹੈ, ਇਕ ਨਾਦਰ ਝਲਕਾਰਾ, ਜੋ ਕਿਸੇ ਇਕੱਲੇ ਵਿਚ ਨਹੀਂ, ਇਕ ਚਮਕਾਰ ਬੱਦਲਾਂ ਦੇ ਇਕੱਠ ਵਿਚੋਂ ਨਿਕਲਣ ਵਾਂਗ ਲੋਕਾਂ ਦੀ ਸੰਗਤ ਵਿਚੋਂ ਨਿਕਲਦੀ ਹੈ। ਇਨ੍ਹਾਂ ਸਾਰਿਆਂ ਵਿਚ ਮਾਲਕ ਦੀ ਚਮਕਾਂ ਮਾਰਦੀ ਕਲਗ਼ੀ ਦੀ ਚਮਕ ਹੈ, ਜੋ ਉਹ ਲਾਉਂਦਾ ਹੈ ਅਤੇ ਨੀਲੇ ਘੋੜੇ 'ਤੇ ਚੜ੍ਹਿਆ ਖ਼ਾਲਸੇ ਦੇ, ਸਿੱਖਾਂ ਦੇ ਘਰੀਂ ਜਾਂਦਾ ਹੈ।

ਭਾਈ ਵੀਰ ਸਿੰਘ ਜੀ ਦੇ ਸ਼ਬਦਾਂ ਵਿਚ, ਇਸ ਪੰਥ ਦੇ ਸਿਧਾਂਤ ਇਨ੍ਹਾਂ ਪੰਜ ਸ਼ਬਦਾਂ ਵਿਚ ਨਿਹਤ ਹਨ- ਨਾਮ, ਦਾਨ, ਇਸ਼ਨਾਨ, ਕਿਰਤ ਕਰਨਾ ਅਤੇ ਵੰਡ ਛਕਣਾ।

**ਨਾਮ** : ਉਸ ਦਾ ਨਾਮ ਜਪਣਾ, ਹਸਤੀ ਦਾ ਰਹੱਸ, ਜਿਸ ਦਾ ਕੋਈ ਨਿੱਜੀ ਮਨੋਰਥ, ਇੱਛਾ ਜਾਂ ਖ਼ੁਦਗ਼ਰਜ਼ੀ ਨਹੀਂ।

ਪਿਆਰ ਨਾਲ ਸੁਆਰਥ ਤੋਂ ਉਤਾਂਹ ਉਠਿਆ ਜਾ ਸਕਦਾ ਹੈ। ਇਸ ਲਈ ਉਸ ਵਿਚ ਰਹਿਣ, ਉਸ ਦਾ ਜਾਪ ਜਪਣ, ਉਸ ਵਿਚ ਫਨਾਹ ਹੋ ਜਾਣ, ਉਸ ਦੇ ਪਿਆਰ ਵਿਚ, ਮਨੁੱਖ ਉਹ ਸਾਹਸ ਪ੍ਰਾਪਤ ਕਰਦਾ ਹੈ, ਜੋ ਸਦਾ ਅਗੰਮੀ ਹੈ ਅਤੇ ਨਿਰ-ਸੁਆਰਥ ਹੈ। ਰੂਹ ਦੀ ਅਸਲੀ ਪ੍ਰਕਿਰਤੀ ਨਿਸ਼ਕਾਮਤਾ ਹੈ। ਨਾਮ ਰਾਹੀਂ ਪਹਿਲਾਂ ਆਪਣੇ ਆਪ ਦੀ ਪਛਾਣ ਇਸ ਪੰਥ ਦਾ ਜੀਵਨ ਹੈ। ਇਸ ਤਰ੍ਹਾਂ ਇਸ ਸੰਘਰਸ਼ਮਈ ਭੌਤਿਕ ਸੰਸਾਰ ਵਿਚ ਸਰੀਰਕ ਉਦਮ ਰਾਹੀਂ ਰੂਹਾਨੀ ਪ੍ਰਵਿਰਤੀ ਨੂੰ ਬਣਾਈ ਰੱਖਣਾ ਹੈ।

**ਦਾਨ ਦੇਣਾ** : ਆਪਣਾ ਸਭ ਕੁਝ ਦੇ ਦੇਣਾ, ਕੁਦਰਤੀ ਹਮਦਰਦੀ ਕਾਰਨ, ਜੀਵਨ ਪ੍ਰਤੀ ਅਸੀਮ ਫ਼ਲਸਫ਼ੀਆਨਾ ਵੈਰਾਗ ਵਿਚ ਅਤੇ ਅਸੀਮ ਵਿਚ ਪਰੰਤੂ ਚੁੱਪ ਚਾਪ ਬਿਨਾਂ ਧੱਕੇ, ਬਿਨਾਂ ਜਬਰ, ਫੁੱਲ ਜਾਂ ਦਰਿਆ ਵਾਂਗ ਮਨੁੱਖਤਾ ਦੀ ਭਲਾਈ ਦੇ ਚਾਓ ਨਾਲ। ਇਹ ਉਚਿਆਏ ਜੀਵਨ ਦੀ ਹੀ ਪ੍ਰਵਿਰਤੀ ਹੈ ਜੋ ਬਿਨਾਂ ਜਾਣੇ ਦਿੰਦੀ ਹੈ। ਜਿਵੇਂ ਗਰਮ ਪਦਾਰਥ ਦੁਆਲੇ ਦੇ ਠੰਡਿਆਂ ਪਦਾਰਥਾਂ ਨੂੰ ਸ਼ਕਤੀ ਦੇ ਫ਼ਰਕ ਕਾਰਨ ਹੀ ਆਪਣੇ ਆਪ ਗਰਮਾ ਦਿੰਦੇ ਹਨ, ਇਸ ਤਰ੍ਹਾਂ ਕਰਦਾ ਹੈ ਗੁਰੂ ਗੋਬਿੰਦ ਸਿੰਘ ਦੇ ਪੰਥ ਦਾ ਮੈਂਬਰ।

ਉਨ੍ਹਾਂ ਸਾਰਿਆਂ ਨੂੰ ਜਿਨ੍ਹਾਂ ਨੂੰ ਰੂਹਾਨੀ ਜੀਵਨ ਦੀ ਖ਼ਾਲਸੇ ਵਾਲੀ ਸਥਿਤੀ ਪ੍ਰਾਪਤ ਹੈ, ਹੀ ਗੁਰੂ ਗੋਬਿੰਦ ਸਿੰਘ ਦੇ ਘਰ ਵਿਚ ਥਾਂ ਮਿਲਦੀ ਹੈ ਅਤੇ ਉਹ ਸਾਡੇ ਹਨ। ਪੰਥ ਦਾ ਪਸਾਰਾ, ਹਵਾ, ਪਾਣੀ, ਅੱਗ, ਬੱਦਲਾਂ, ਸੂਰਜ ਅਤੇ ਤਾਰਿਆਂ ਵਿਚ ਹੈ। ਮੈਂ ਇਸ ਪਵਿੱਤਰ ਗੁਪਤ ਪੰਥ ਦੀ ਜੈ-ਜੈਕਾਰ, ਫੁੱਲਾਂ ਦੀਆਂ ਪੱਤੀਆਂ, ਪ੍ਰਕਿਰਤਕ ਨਜ਼ਾਰਿਆਂ ਦੀ ਸੁੰਦਰਤਾ ਤੋਂ ਘੜੇ ਸੰਗੀਤ ਰੂਪੀ ਬੁੱਤਾਂ ਤੋਂ ਸੁਣਦਾ ਹਾਂ। ਬੱਦਲ ਮੇਰੇ ਨਾਲ ਹਮਦਰਦੀ ਕਰਦਾ ਹੈ ਅਤੇ ਸੂਰਜ ਦਾ ਮੇਰੇ ਪ੍ਰਤੀ ਪਿਆਰ ਅਸੀਮ ਅਤੇ ਬਿਨਾਂ ਕਿਸੇ ਸ਼ਰਤ ਤੋਂ ਹੈ।

ਦਾਨ ਦਾ ਭਾਵ, ਨਿਰਸੰਦੇਹ, ਗੁਰੂ ਸਾਹਿਬ ਦੇ ਪੰਥ ਵਿਚ ਸੁਚੇਤ ਰੂਪ ਵਿਚ ਖ਼ੈਰਾਤ ਜਾਂ ਦਾਨ ਦੇਣ ਤੋਂ ਨਹੀਂ। "ਸਭ ਕੁਝ ਗੁਰੂ ਦਾ ਹੈ" ਇਸੇ ਤਰ੍ਹਾਂ ਖ਼ਾਲਸਾ ਮਹਿਸੂਸਦਾ ਹੈ, "ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ"। ਅਜਿਹੀ ਸਨੇਹ-ਮਈ ਪ੍ਰਵਿਰਤੀ ਕਿਸੇ ਸਮਾਜਿਕ ਜ਼ਾਬਤੇ ਜਾਂ ਨਿਯਮਾਂ ਅਧੀਨ ਨਹੀਂ ਆਉਂਦੀ। ਇਸ ਵਿਚ ਕੁਝ ਵੀ ਮਕਾਨਕੀ ਨਹੀਂ। ਇਹ ਗਹਿਰਾ ਅਤੇ ਸੰਜੀਵ ਹੈ। ਖ਼ਾਲਸੇ ਦੀ ਇਹ ਖ਼ੈਰਾਤ ਦਰਿਆਵਾਂ ਵਾਂਗ ਉਸ ਦੇ ਆਪੇ ਵਿਚੋਂ ਨਿਕਲ ਤੁਰਦੀ ਹੈ। ਖ਼ਾਲਸਾ ਆਪਣਾ ਆਪਾ, ਆਪਣੀ ਮਿਹਨਤ, ਆਪਣਾ ਹੱਡ ਮਾਸ, ਆਪਣਾ ਜੀਵਨ ਅਤੇ ਆਪਣੀ ਰੂਹ ਵੀ ਆਪਣੇ ਮਾਲਕ, ਮਹਿਬੂਬ ਤੋਂ ਨਿਛਾਵਰ ਕਰ ਚੁੱਕਾ ਹੈ।

ਮੈਂ ਇਥੇ ਕਹਿ ਦੇਣਾ ਚਾਹੁੰਦਾ ਹਾਂ ਕਿ ਗੁਰੂ ਸਾਹਿਬਾਨ ਦਾ ਧਰਮ, ਨਿਰਸੰਦੇਹ ਕੁਦਰਤ ਅਤੇ ਰੂਹ ਦਾ ਧਰਮ ਹੈ। ਇਹ ਬ੍ਰਾਹਮਣਾਂ ਦੇ ਅਧਿਆਤਮਕ ਅਤੇ ਦਾਰਸ਼ਨਿਕ ਬਕੜਵਾਦ ਤੋਂ ਬਿਲਕੁਲ ਵੱਖਰਾ ਹੈ। ਅੰਤਮ ਦਿਮਾਗ਼ੀ ਧਾਰਨਾਵਾਂ, ਜਿਹਾ ਕਿ ਬ੍ਰਾਹਮਣੀ ਦਾਰਸ਼ਨਿਕ ਅਨੁਮਾਨਾਂ ਰਾਹੀਂ ਪੇਸ਼ ਕੀਤੀਆਂ ਜਾਂਦੀਆਂ ਹਨ, ਦੁਆਰਾ ਘੜੀ ਹਕੀਕਤ ਨਾਲ ਇਸ ਦਾ ਕੋਈ ਸਬੰਧ ਨਹੀਂ। ਇਹ ਧਾਰਨਾਵਾਂ ਮਰ ਚੁੱਕੀਆਂ ਹਨ। ਗੁਰੂ ਸਾਹਿਬਾਨ ਦਾ ਮਜ਼ਬ ਸੰਖੇਪ ਵਿਚ, ਜੀਵਨ ਜਾਚ, ਅਗੰਮੀ ਜੋਤ ਨੂੰ ਜਗਦੇ ਰੱਖਣ ਦਾ ਹੈ।

**ਇਸ਼ਨਾਨ** : ਸਰੀਰ ਦਾ ਠੰਡੇ ਪਾਣੀ ਨਾਲ ਨਹਾਉਣਾ, ਮਨ ਦਾ ਅੰਮ੍ਰਿਤ ਦੇ ਚਸ਼ਮੇ ਵਿਚ ਅਤੇ ਰੂਹ ਦਾ ਉਸ ਦੇ ਪਿਆਰ ਵਿਚ ਗੋਤਾ ਲਾਉਣਾ ਇਸ਼ਨਾਨ ਹੈ।

**ਕਿਰਤ ਕਰਨਾ** : ਇਹ ਚਿੰਨ੍ਹਾਤਮਕ ਦਾਨ ਹੈ, ਜੋ ਗੁਰੂ ਗੋਬਿੰਦ ਸਿੰਘ ਦੇ ਪੰਥ ਨੂੰ ਮਿਹਨਤ-ਕਸ਼ਾਂ ਦੀ ਸਾਰੀ ਲੁਕਾਈ ਨਾਲ ਜੋੜਦਾ ਹੈ। ਗੁਰੂ ਪਾਸ ਕੋਈ ਅਮੀਰ ਨਹੀਂ। ਉਸ ਦੇ ਪੰਥ ਵਿਚ ਕੋਈ ਵਿਹਲੜ ਅਮੀਰ ਨਹੀਂ ਉਸ ਲਈ ਤਾਂ ਕੋਈ ਥਾਂ ਨਹੀਂ, ਸਾਰਿਆਂ ਨੂੰ ਕਿਰਤ ਕਰਨੀ ਪੈਂਦੀ ਹੈ, ਅੰਨ੍ਹ ਪੈਦਾ ਕਰਨ ਲਈ ਪਸੀਨਾ ਵੀਟਣਾ ਪੈਂਦਾ ਹੈ, ਲੋਹੇ, ਲੱਕੜੀ ਅਤੇ ਪੱਥਰ ਵਿਚੋਂ ਨਵੇਂ ਰੂਪ ਘੜਣੇ ਪੈਂਦੇ ਹਨ, ਕੰਮ ਕਰਨਾ, ਕਿਰਤ ਕਰਨੀ ਅਤੇ ਮਿਹਨਤ ਦੀ ਕਮਾਈ ਦਾ ਵੀ ਤਿਆਗ ਅਤੇ ਇਸ ਸੁਤੇ ਸਿੱਧ ਤਿਆਗ ਕਾਰਨ ਗੁਰੂ ਅਤੇ ਅੱਜ ਦੇ ਕਾਮਗਰਾਂ ਵਿਚਾਲੇ ਫ਼ਰਕ ਸਪੱਸ਼ਟ ਹੈ।

**ਵੰਡ ਛਕਣਾ** : ਕਿਰਤ ਕਮਾਈ ਦੀ ਇਕਸਾਰ ਵੰਡ। "ਉਹ ਰੋਟੀ ਨਾ ਖਾ, ਜੋ ਤੂੰ ਆਪਣੇ ਖ਼ਾਲਸਾ ਵੀਰ ਨੂੰ ਨਹੀਂ ਵੰਡੀ।"

ਗੁਰੂ ਗੋਬਿੰਦ ਸਿੰਘ ਵਰਤਮਾਨ ਯੁੱਗ ਦੇ ਗੁਰੂ ਹਨ। ਉਹ ਅਵਤਾਰ ਹਨ, ਜਿਨ੍ਹਾਂ ਨੇ ਮਨੁੱਖੀ ਸਮਾਜ ਦੀ ਨਾਮ, ਦਾਨ, ਇਸ਼ਨਾਨ, ਕਿਰਤ ਕਰਨ, ਵੰਡ ਛਕਣ ਦੇ ਆਧਾਰ 'ਤੇ ਪੰਥ ਦੇ ਰੂਪ ਵਿਚ ਪੁਨਰ ਉਸਾਰੀ ਕੀਤੀ ਹੈ।

ਨਾਮ, ਮੁਕੰਮਲ ਅਤੇ ਸੰਪੂਰਨ ਤਿਆਗ ਅਤੇ ਸਰੀਰ, ਮਨ ਅਤੇ ਰੂਹ ਦਾ ਅਸੀਮ ਵਿਚ ਇਸ਼ਨਾਨ। ਹਰੇਕ ਮਨੁੱਖ ਮਾਤਰ ਲਈ, ਕਿਰਤ ਕਰਨਾ, ਪੈਦਾ ਕਰਨਾ ਅਤੇ ਇਸ ਕਮਾਈ ਦਾ ਕਿਸੇ ਨਿਰਾਸ਼ਾਮਈ ਭਾਵਨਾ ਅਧੀਨ ਤਿਆਗ ਨਹੀਂ, ਸਗੋਂ ਦਿਲੋਂ ਵਜੋਂ ਇਸ ਕਮਾਈ ਨੂੰ ਆਪਣੇ ਖ਼ਾਲਸਾ ਭਰਾਵਾਂ ਵਿਚ ਵੰਡ ਦੇਣਾ, ਲਾਜ਼ਮੀ ਰੂਹਾਨੀ ਲੋੜ ਹੈ। ਜੇ ਪੰਜਾਬ ਦੇ ਸਿੱਖ ਸਾਨੂੰ ਗੁਰੂ ਗੋਬਿੰਦ ਸਿੰਘ ਦੇ ਮਹਾਨ ਨਿਰਮਲ ਪੰਥ ਦੀ ਮਾੜੀ ਜਿਹੀ ਯਾਦ ਦਿਵਾਉਂਦੇ ਹਨ ਤਾਂ ਇਹ ਕੀ ਵੱਡੀ ਗੱਲ ਹੈ, ਜਦੋਂਕਿ ਸਾਰਾ ਸੰਸਾਰ ਅੰਦਰੋਂ ਅੰਦਰੇ ਇਸ ਨੂੰ ਅਪਨਾਉਣ ਦੀ ਦਿਲੀ ਇੱਛਾ ਕਰ ਰਿਹਾ ਹੈ।

ਇਥੇ ਗੁਰੂ ਦਾ ਸਾਰੇ ਸੰਸਾਰ ਨੂੰ ਸੱਦਾ ਹੈ ਅਤੇ ਸਾਡੇ ਵਿਚੋਂ ਕੌਣ ਗੁਰੂ ਗੋਬਿੰਦ ਸਿੰਘ ਪ੍ਰਤੀ ਸਾਰੇ ਸੰਸਾਰ ਦੇ ਅਸਪੱਸ਼ਟ ਅਤੇ ਅਚੇਤ ਪਰ ਜ਼ੋਰਦਾਰ ਹੁੰਗਾਰੇ ਨੂੰ ਨਹੀਂ ਵੇਖਦਾ? ਉਸ ਦੀ ਪ੍ਰਤਿਭਾ ਨੂੰ ਸਮਝਣ ਲਈ ਮਨੁੱਖ ਨੂੰ ਸਦੀਆਂ ਲੱਗਣਗੀਆਂ, ਜਦੋਂ ਉਹ ਗੁਰੂ ਸਾਹਿਬ ਦੇ ਰੂਹਾਨੀ ਪੰਥ ਨੂੰ ਪਾ ਲਵੇਗਾ।

ਯਕੀਨਨ ਭਾਰਤ ਦੇ ਗ਼ੁਲਾਮਾਂ ਨੇ ਉਸ ਨੂੰ ਅਜੇ ਤੱਕ ਨਾ ਹੀ ਸਮਝਿਆ ਅਤੇ ਨਾ ਹੀ ਉਸ ਦੀ ਪ੍ਰਤਿਭਾ ਨੂੰ ਸਮਝਣ ਦੇ ਯੋਗ ਹਨ। ਉਸ ਦੀ ਮਹਾਨ ਸ਼ਖ਼ਸੀਅਤ ਦਾ ਪਰਛਾਵਾਂ ਬਹੁਤ ਦੂਰ ਸਦੀਆਂ ਤੋਂ ਪਰ੍ਹੇ ਤੱਕ ਪੈਂਦਾ ਹੈ ਅਤੇ ਭਾਰਤ ਦੇ ਅਖੌਤੀ ਮਹਾਨ ਵਿਦਵਾਨ, ਜਦੋਂ ਗੁਰੂ ਨੂੰ ਸਮਝਣ ਦਾ ਮਨ ਬਣਾਉਂਦੇ ਹਨ ਕੇਵਲ ਕੰਡਿਆਂ ਨਾਲ ਝਰੀਟੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਗੁਰੂ ਨਾਨਕ ਜਿੰਨਾ ਰੂਹਾਨੀਅਤ ਵਾਲਾ ਨਾ ਸਮਝ ਕੇ ਛੱਡ ਦਿੰਦੇ ਹਨ। ਇਸ ਤੋਂ ਉਨ੍ਹਾਂ ਦੁਆਲੇ ਪਸਰੇ ਹਨੇਰੇ ਦਾ ਹੀ ਅਨੁਭਵ ਹੁੰਦਾ ਹੈ, ਜੇ ਉਹ ਗੁਰੂ ਗੋਬਿੰਦ ਸਿੰਘ ਵਿਚ ਗੁਰੂ ਨਾਨਕ ਦੇ ਉਚੇ ਅਤੇ ਚਮਕਦੇ ਸਿਖ਼ਰ ਨੂੰ ਨਹੀਂ ਵੇਖ ਸਕਦੇ। ਯਕੀਨਨ ਉਹ ਧਾਰਮਿਕ ਵਿਚਾਰਧਾਰਾ ਦੀ ਕ੍ਰਾਂਤੀ ਦੇ ਸ਼ਹਿਨਸ਼ਾਹ ਨੂੰ ਨਹੀਂ ਸਮਝ ਸਕੇ। ਉਸ ਦੇ ਇਕ ਨਿਮਰਤਾ ਭਰੇ ਸ਼ਬਦ ਵਿਚ ਵੀ ਅਸੰਖਾਂ ਲਾਟਾਂ ਹਨ, ਜੋ ਬਿਜਲੀ ਵਾਂਗ ਅਸੰਖਾਂ ਸ਼ਮਸ਼ੀਰਾਂ ਹੋ ਟੁਟਦੀਆਂ ਹਨ, ਜੋ ਮਨੁੱਖੀ ਖ਼ੂਨ ਵਿਚ ਹਲੂਲ ਕਰ ਜਾਂਦੀਆਂ ਹਨ, ਨਾਮ, ਜਿਸ ਦੇ ਜਪਣ ਨੇ ਕਿਰਤ ਕਰਦੇ ਮਨੁੱਖ ਦੀ ਪਿਆਰ, ਕਿਰਤ ਅਤੇ ਸੰਪੂਰਨ ਤਿਆਗ ਦੀ ਭਾਵਨਾ ਤੇ ਸੰਭਾਵੀ ਸਲਤਨਤ ਦੀ ਬੁਨਿਆਦ ਰੱਖਣੀ ਹੈ।

ਵਿਚਾਰਕਾਂ ਨੇ ਅਜੇ ਦਸ ਗੁਰੂ ਸਾਹਿਬਾਨ ਦੇ ਵਿਚਾਰਾਂ, ਜਿਨ੍ਹਾਂ ਨੂੰ ਪ੍ਰਗਟਾਉਣ ਲਈ ਵਰਤੀ ਗਈ ਬ੍ਰਾਹਮਣੀ ਭਾਸ਼ਾ ਕਾਰਨ ਅਤੇ ਵਿਰੋਧੀ ਬ੍ਰਾਹਮਣੀ ਮਾਹੌਲ, ਜੋ ਸਦਾ ਮਨੁੱਖ ਦੇ ਅਸਲੀ ਸੱਭਿਆਚਾਰਕ ਵਿਕਾਸ ਵਿਚ ਬਾਧਕ ਰਿਹਾ ਹੈ, ਦੀ ਮਹਾਨਤਾ ਨੂੰ ਸਮਝਣਾ ਹੈ।

ਗੁਰੂ ਸਾਹਿਬਾਨ ਦੀ ਪ੍ਰਤਿਭਾ ਆਪਣੇ ਕ੍ਰਾਂਤੀਕਾਰੀ ਵਿਚਾਰ, ਉਸ ਵਿਸ਼ੇਸ਼ ਦੇਸੀ ਭਾਸ਼ਾ ਵਿਚ, ਆਪਣੇ ਵਿਚਾਰਾਂ ਦਾ ਵਿਰੋਧ ਕਰਦੇ ਹੋਏ, ਪ੍ਰਗਟ ਕਰਦੀ ਹੈ ਅਤੇ ਆਪਣੇ ਵਿਚਾਰਾਂ ਦੇ ਮੱਥੇ 'ਤੇ ਪਈਆਂ ਪਰਸਪਰ ਕਟਦੀਆਂ ਲਕੀਰਾਂ ਅਤੇ ਵਿਚਾਰ ਮੰਡਲਾਂ ਨੂੰ ਆਪਣੇ ਜੀਵਨ ਅਤੇ ਕਾਰਨਾਮਿਆਂ ਦੇ ਅਨੁਕਰਣ ਵਿਚ ਅਤੇ ਪਿਆਰ ਅਤੇ ਸੰਪੂਰਨ ਤਿਆਗ ਦਾ, ਜੋ ਪੰਥ ਉਨ੍ਹਾਂ ਸਾਜਿਆ, ਨੂੰ ਪੜ੍ਹਨ ਲਈ ਪਾਠਕ 'ਤੇ ਛੱਡ ਦਿੰਦੀ ਹੈ। ਮੇਰਾ ਇਹ ਵਿਸ਼ਵਾਸ ਹੈ ਕਿ ਇਕ ਰਾਤ ਵਿਚ ਅਤੇ ਇਕ ਦਿਨ ਵਿਚ ਜਦੋਂ ਗੁਰੂ ਸਾਹਿਬ ਦੇ ਵਿਚਾਰ, ਜੋ ਕਿ ਧਰਮ ਅਤੇ ਜੀਵਨ ਜਾਚ ਸਬੰਧੀ ਪੂਰਬੀ ਵਿਚਾਰਾਂ ਵਿਚ ਮੁਕੰਮਲ ਕ੍ਰਾਂਤੀ ਹਨ, ਵੇਖੇ ਜਾਣ ਅਤੇ ਜੇ ਇਹ ਸੰਪੂਰਨ ਸਾਦਗੀ ਨਾਲ ਅਤੇ ਸੁਯੋਗ ਭਾਸ਼ਾ ਵਿਚ ਬਿਆਨ ਕੀਤੇ ਜਾਣ ਤਾਂ ਦਸਾਂ ਗੁਰੂ ਸਾਹਿਬਾਨ ਦੀ ਚੇਤਨਤਾ ਸਾਰੇ ਮਨੁੱਖੀ ਸੱਭਿਆਚਾਰ 'ਤੇ ਛਾ ਜਾਵੇਗੀ।

ਉਨ੍ਹਾਂ ਦੀ ਵਡਿਆਈ ਦੀ ਸਾਖੀ ਮਨੁੱਖ ਦੀ ਬਹੁ-ਪੱਖੀ ਉਨਤੀ ਦੀਆਂ ਕਈ ਸਦੀਆਂ ਨੇ ਭਰਨੀ ਹੈ। ਮੈਂ ਇਨ੍ਹਾਂ ਵਿਚਾਰਾਂ ਦੀ ਕ੍ਰਾਂਤੀਕਾਰੀ ਭਾਵਨਾ ਬਾਰੇ ਕਿਤੇ ਹੋਰ ਵਿਚਾਰ ਕਰਾਂਗਾ ਪਰ ਮੈਂ ਇਥੇ ਕਹਿ ਦੇਣਾ ਚਾਹੁੰਦਾ ਹਾਂ ਕਿ ਗੁਰੂ ਸਾਹਿਬਾਨ ਦਾ ਧਰਮ, ਨਿਰਸੰਦੇਹ ਕੁਦਰਤ ਅਤੇ ਰੂਹ ਦਾ ਧਰਮ ਹੈ। ਇਹ ਬ੍ਰਾਹਮਣਾਂ ਦੇ ਅਧਿਆਤਮਕ ਅਤੇ ਦਾਰਸ਼ਨਿਕ ਬਕੜਵਾਦ ਤੋਂ ਬਿਲਕੁਲ ਵੱਖਰਾ ਹੈ। ਅੰਤਮ ਦਿਮਾਗ਼ੀ ਧਾਰਨਾਵਾਂ, ਜਿਹਾ ਕਿ ਬ੍ਰਾਹਮਣੀ ਦਾਰਸ਼ਨਿਕ ਅਨੁਮਾਨਾਂ ਰਾਹੀਂ ਪੇਸ਼ ਕੀਤੀਆਂ ਜਾਂਦੀਆਂ ਹਨ, ਦੁਆਰਾ ਘੜੀ ਹਕੀਕਤ ਨਾਲ ਇਸ ਦਾ ਕੋਈ ਸਬੰਧ ਨਹੀਂ। ਇਹ ਧਾਰਨਾਵਾਂ ਮਰ ਚੁੱਕੀਆਂ ਹਨ। ਗੁਰੂ ਸਾਹਿਬਾਨ ਦਾ ਮਜ਼ਬ ਸੰਖੇਪ ਵਿਚ, ਜੀਵਨ ਜਾਚ, ਅਗੰਮੀ ਜੋਤ ਨੂੰ ਜਗਦੇ ਰੱਖਣ ਦਾ ਹੈ। ਇਹ ਅਧਿਆਤਮਕ ਜਾਂ ਧਰਮ ਸ਼ਾਸਤਰਾਂ ਅਨੁਸਾਰ ਹੋਣ ਦੀ ਬਜਾਏ ਵਧੇਰੇ ਕਲਾਮਈ ਹੈ ਅਤੇ ਇਹ ਕਿਰਤ, ਕਾਰੀਗਰੀ ਮਨੁੱਖ,



ਕੁਦਰਤ ਅਤੇ ਉਨ੍ਹਾਂ ਦੀ ਘਾੜਤ ਵਿਚਲੇ ਹੁਸਨ ਦੀ ਪ੍ਰਸ਼ੰਸਾ ਨਾਲ ਭਰਪੂਰ ਹੈ। ਇਸ ਵਿਚ ਅਸੀਮ ਖ਼ੁਸ਼ੀ ਹੈ ਅਤੇ ਅਸੀਮ ਗ਼ਮ ਵੀ ਹਨ।

ਗੁਰੂ ਪ੍ਰਣਾਲੀ ਵਿਚ ਖ਼ੁਸ਼ੀ, ਜੀਵਨ ਦੇ ਗ਼ਮਾਂ ਦੇ ਰੁੱਖ 'ਤੇ ਖਿੜਿਆ ਫੁੱਲ ਹੈ। ਜਿਨ੍ਹਾਂ ਨੂੰ ਜੀਵਨ ਵਿਚ ਗ਼ਮ ਦਾ ਅਹਿਸਾਸ ਪ੍ਰਾਪਤ ਨਹੀਂ ਹੋਇਆ, ਉਨ੍ਹਾਂ ਲਈ ਨਿਰੀ ਖ਼ੁਸ਼ੀ ਹੋਕੇ ਭਰੀ, ਧੋਖਾ ਅਤੇ ਟਹਿਣੀਓਂ ਟੁੱਟੇ ਫੁੱਲ ਦੇ ਮੁਰਝਾਉਣ ਸਮੇਂ ਦੇ ਰੰਗਾਂ ਵਾਂਗ ਤਤਵਹੀਣ ਹੈ।

ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਪੰਥ ਇਕ ਅਜਿਹਾ ਸੰਘ ਹੈ ਜਿਸ ਵਿਚ ਇਸਤ੍ਰੀਆਂ ਖੁੱਲ੍ਹਾ ਅਤੇ ਬਰਾਬਰ ਭਾਗ ਲੈਂਦੀਆਂ ਹਨ। ਪੂਰਬ ਦੇ ਇਤਿਹਾਸ ਵਿਚ ਪਹਿਲੀ ਵਾਰੀ ਇਸਤਰੀ ਨੂੰ ਮਰਦਾਂ ਦੇ ਬਰਾਬਰ ਹੱਕ ਮਿਲਿਆ ਹੈ। ਗੁਰੂ ਸਾਹਿਬਾਨ ਵਲੋਂ ਰਚੇ ਗਏ ਸਿੱਖ ਸਾਹਿਤ ਵਿਚ ਸਿੱਖਣੀ ਸ਼ਬਦ ਕਿਤੇ ਨਹੀਂ ਮਿਲਦਾ। 'ਅਨੁਯਾਈ' ਜਾਂ 'ਸਿੱਖ' ਲਿੰਗ-ਰਹਿਤ ਨਾਂਵ ਹੈ। ਇਹ ਨਾਮਕਰਣ ਸਭ ਨੂੰ ਦਿੱਤਾ ਜਾਂਦਾ ਹੈ, ਜੋ ਸੰਗਤ ਵਿਚ ਆਉਂਦਾ ਹੈ। ਮੈਂ ਸ਼ਰਮਿੰਦਾ ਹਾਂ ਕਿ ਹਿੰਦੂ ਜਾਏ ਸਿੱਖਾਂ ਦੇ ਪੁਰਾਣੇ ਸਮਾਜਿਕ ਰੁਝਾਨ ਕਾਰਨ 'ਸਿੱਖਣੀ' ਜਾਂ 'ਸਿੰਘਣੀ' ਦੇ ਸ਼ਬਦ ਸ਼ਾਮਲ ਕਰ ਦਿੱਤੇ ਗਏ ਹਨ।

ਬੁੱਧ ਨੇ ਆਪਣੇ ਨੇਕ ਅਤੇ ਪਿਆਰੇ ਚੇਲੇ ਆਨੰਦ ਦੇ ਜ਼ੋਰ ਦੇਣ 'ਤੇ 'ਨਨਾਂ' (ਇਸਤ੍ਰੀ ਪੈਰੋਕਾਰ) ਦੀ ਪ੍ਰਣਾਲੀ ਚਲਾਈ ਅਤੇ ਈਸਾ ਮਸੀਹ ਦੇ ਦੁਆਲੇ ਇਕੱਠੇ ਹੋਏ ਬਹੁਤ ਸਾਰੇ ਪੈਰੋਕਾਰਾਂ ਵਿਚ ਮਹਾਨ ਪੈਰੋਕਾਰ ਫ਼ਲਸਤੀਨ ਦੀਆਂ ਇਸਤ੍ਰੀਆਂ ਹਨ ਪਰ ਇਥੇ ਤਾਂ ਪਿਆਰ ਦੇ ਸੇਵਕਾਂ, ਮਰਦਾਂ ਅਤੇ ਇਸਤ੍ਰੀਆਂ ਲਈ ਸਿੱਖੀ ਅਤੇ ਪਿਆਰ ਦੇ ਬਰਾਬਰ ਦੇ ਅਧਿਕਾਰਾਂ 'ਤੇ ਸਮਾਜ ਦੀ ਪੁਨਰ-ਉਸਾਰੀ ਕੀਤੀ ਗਈ ਹੈ। ਗੁਰੂ ਸਾਹਿਬਾਨ ਦਾ ਆਦਰਸ਼ ਲਾਸਾਨੀ ਅਤੇ ਕ੍ਰਾਂਤੀਕਾਰੀ ਹੈ।

ਆਓ ! ਫਿਰ ਉਹ ਪੰਜਾਬ ਦੇ ਸਿੱਖ ਨੌਜਵਾਨੋ ਅਤੇ ਉਸ ਦੇ ਨਾਮ ਤੋਂ ਸਭ ਕੁਝ ਤਿਆਗ ਕੇ, ਗੁਰੂ ਦਾ ਝੰਡਾ ਬੁਲੰਦ ਅਤੇ ਝੂਲਦਾ ਰੱਖੋ। ਆਓ ! ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਬਣੀਏ ਅਤੇ ਇਸ ਜੀਵਨ ਰੂਪੀ ਜੰਗਲ ਦੇ ਕੱਖ-ਕਾਣ ਵਰਗੇ ਅਖੌਤੀ ਅਵਤਾਰਾਂ ਤੇ ਫ਼ਿਰਕਿਆਂ, ਸਭਾਵਾਂ ਜਾਂ ਕਲੱਬਾਂ ਦੀ ਹੋ ਰਹੀ ਖੁੰਭਾਂ ਵਰਗੀ ਉਤਪਤੀ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦੇਈਏ। ਸਾਡੇ ਤੋਂ ਪਹਿਲਾਂ ਹੋਏ ਖ਼ਾਲਸੇ ਮੌਤੋਂ ਪਰੇ ਰਹਿੰਦੇ ਹਨ। ਉਹ ਸਾਡੀ ਮਦਦ ਲਈ ਸਾਡੇ ਪਾਸ ਆਉਂਦੇ ਹਨ, ਜੇ ਅਸੀਂ ਆਪਣਾ ਰੁਖ਼ ਉਨ੍ਹਾਂ ਵੱਲ ਕਰੀਏ ਅਤੇ ਇਮਦਾਦ ਮੰਗੀਏ। ਅਸੀਂ ਅਣਗਿਣਤ ਹਾਂ ਜੇ ਅਸੀਂ ਆਪਣੀ ਰੂਹ ਵਿਚ ਜਾਗੀਏ ਅਤੇ ਬਦੇਹੀ ਹੋ ਜਾਈਏ। ਸਰੀਰ ਨੂੰ ਕੇਵਲ ਵਾਹਨ ਵਾਂਗ ਰੱਖੀਏ ਜਿਵੇਂ ਕਿ ਇਸ ਸੰਘ ਦੇ ਮਹਾਨ ਸੰਗੀ, ਈਸਾ ਨੇ ਆਪਣੇ ਸਰੀਰ ਬਾਰੇ ਕਿਹਾ ਹੈ ਕਿ ਇਹ ਤਾਂ ਕੇਵਲ 'ਪਿਤਾ ਦੀ ਰੂਹ' ਦੀ ਵਾਹਨ ਤੋਂ ਛੁਟ ਕੁਝ ਵੀ ਨਹੀਂ। ▪▪

ਆਓ ! ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਬਣੀਏ ਅਤੇ ਇਸ ਜੀਵਨ ਰੂਪੀ ਜੰਗਲ ਦੇ ਕੱਖ-ਕਾਣ ਵਰਗੇ ਅਖੌਤੀ ਅਵਤਾਰਾਂ ਤੇ ਫ਼ਿਰਕਿਆਂ, ਸਭਾਵਾਂ ਜਾਂ ਕਲੱਬਾਂ ਦੀ ਹੋ ਰਹੀ ਖੁੰਭਾਂ ਵਰਗੀ ਉਤਪਤੀ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦੇਈਏ। ਸਾਡੇ ਤੋਂ ਪਹਿਲਾਂ ਹੋਏ ਖ਼ਾਲਸੇ ਮੌਤੋਂ ਪਰੇ ਰਹਿੰਦੇ ਹਨ। ਉਹ ਸਾਡੀ ਮਦਦ ਲਈ ਸਾਡੇ ਪਾਸ ਆਉਂਦੇ ਹਨ, ਜੇ ਅਸੀਂ ਆਪਣਾ ਰੁਖ਼ ਉਨ੍ਹਾਂ ਵੱਲ ਕਰੀਏ ਅਤੇ ਇਮਦਾਦ ਮੰਗੀਏ।

# ਸ੍ਰੀ ਅਕਾਲ ਤਖ਼ਤ ਸਾਹਿਬ : ਪੰਥਕ ਰਾਜ ਸਿੰਘਾਸਣ ਦੇ ਰੂਪ ’ਚ ਮਾਨਵ ਜਾਤੀ ਦੇ ਰਾਹ ਦਿਸੇਰਾ

**ਭਾਈ ਹਰਿਸਿਮਰਨ ਸਿੰਘ***

**ਗੁਰੂ ਕਾਲ ਤੋਂ ਬਾਅਦ ਭਾਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਜਥੇਬੰਦੀ ਦੇ ਮਿਲਵੇਂ ਪਰਾਕ੍ਰਮਾਂ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਪੰਥਕ ਰਾਜ-ਸਿੰਘਾਸਣ ਦਾ ਰੁਤਬਾ ਤਾਂ ਹਾਸਲ ਕਰ ਚੁੱਕਾ ਹੈ, ਪਰ ਇਸ ਗੈਰ-ਰਾਜੀ ਸਿੰਘਾਸਣ ਤੋਂ ਜੋ ਦਿਸ਼ਾ ਸਿੱਖ ਪੰਥ ਨੂੰ ਮਿਲਣੀ ਚਾਹੀਦੀ ਸੀ, ਉਹ ਦਿਸ਼ਾ ਸਾਕਾਰ ਨਹੀਂ ਹੋਈ। ਇਕ ਵੱਡਾ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਦੀ ਯੋਗਤਾ, ਨਿਯੁਕਤੀ, ਸੇਵਾਵਾਂ, ਕਾਰਜ ਏਜੰਡਾ ਅਤੇ ਖੁੱਲ੍ਹੇ ਵਾਤਾਵਰਨ ਵਿਚ ਕੰਮ ਨਾ ਕਰ ਸਕਣ ਦੀਆਂ ਖਿੱਚ ਦਿੱਤੀਆਂ ਸੀਮਾਵਾਂ ਜ਼ਿੰਮੇਵਾਰ ਹਨ। ਪੰਥ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਵਿਸ਼ਾਲ, ਦ੍ਰਿੜ੍ਹ ਅਤੇ ਵੱਡੇ ਨਤੀਜੇ ਲਿਆਉਣ ਵਾਲੀ ਭੂਮਿਕਾ ਇਕ ਜਥੇਦਾਰ ਸਾਹਿਬਾਨ ਦੀ ਚੋਣ, ਯੋਗਤਾ ਅਤੇ ਕਾਰਜ-ਵਿਧੀ ਆਦਿ ਉੱਤੇ ਵੀ ਨਿਰਭਰ ਕਰਦੀ ਹੈ। ਧਰਮ ਅਤੇ ਇਸ ਦੀਆਂ ਸੰਸਥਾਵਾਂ ਦੇ ਰਾਜਨੀਤੀਕਰਨ ਅੱਗੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਪਦਵੀ ਦਾ ਵੀ ਰਾਜਨੀਤੀਕਰਨ ਹੋ ਗਿਆ ਹੈ।**

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਮਾਨਸਿਕਤਾ ਅਤੇ ਵਿਵਹਾਰ ਵਿਚ ਇਕ ਅਜਿਹੇ ਪੰਥਕ ਰਾਜ ਸਿੰਘਾਸਣ ਦਾ ਦਰਜਾ ਰੱਖਦੇ ਹਨ, ਜਿਸ ਤੋਂ ਸਿੱਖ ਧਰਮ, ਗੁਰਮਤਿ ਵਿਚਾਰਧਾਰਾ, ਸਮੁੱਚੇ ਸਿੱਖ ਸਰੋਕਾਰਾਂ, ਸਮੁੱਚੀ ਪੰਥਕ ਜਥੇਬੰਦੀ, ਸਿੱਖ ਰਾਜਨੀਤੀ, ਵਿਸ਼ਵ ਸ਼ਾਂਤੀ ਅਤੇ ਸਰਬੱਤ ਦੇ ਭਲੇ ਹਿੱਤ ਸਮੁੱਚੀਆਂ ਨੀਤੀਆਂ ਅਤੇ ਸਰਗਰਮੀਆਂ ਸੰਚਾਲਿਤ ਹੋਣੀਆਂ ਜ਼ਰੂਰੀ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੋਤੀ-ਜੋਤਿ ਸਮਾ ਜਾਣ ਉਪਰੰਤ ਸਿੱਖ ਪੰਥ ਦੀ ਅਗਵਾਈ ਦਾ ਜੋ ਅਧਿਕਾਰ ਖ਼ਾਲਸਾ ਪੰਥ ਨੂੰ ਮਿਲਿਆ ਸੀ, ਉਸ ਪ੍ਰਥਾਇ ਸਿੱਖ ਸੰਸਥਾਵਾਂ ਦੀਆਂ ਸਥਾਨਕ ਤੋਂ ਪੰਥਕ ਪ੍ਰਭਾਵ ਰੱਖਣ ਵਾਲੀਆਂ ਜਥੇਬੰਦੀਆਂ ਦੀ ਸ਼ਕਤੀ ਅਤੇ ਸਮਰੱਥਾ ਨੂੰ ਸੰਚਾਲਿਤ ਕਰਨ ਵਾਲੀ ਸਿਰਮੌਰ ਸੰਸਥਾ ਦਾ ਅਧਿਕਾਰ ਖੁਦ ਖ਼ਾਲਸਾ ਪੰਥ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨ ਤੇ ਸਰਬਉੱਚ ਸੰਸਥਾ ਦੇ ਰੂਪ ਵਿਚ ਵਿਕਸਿਤ ਕੀਤਾ ਹੈ। ਪੰਥਕ ਰਾਜ ਸਿੰਘਾਸਣ ਦੇ ਸ਼ਬਦੀ ਅਤੇ ਬਾਹਰੀ ਅਰਥ ਭਾਵੇਂ ਇਸ ਦੇ ਰਾਜਨੀਤਕ ਜਾਂ ਸੱਤਾਧਾਰੀ ਸਰੂਪ ਦਾ ਪ੍ਰਭਾਵ ਦਿੰਦੇ ਹਨ, ਪਰ ਇਹ ਅਸਲ ਵਿਚ ਸੰਸਾਰੀ ਅਤੇ ਰੂਹਾਨੀ ਸਰੋਕਾਰਾਂ ਨਾਲ ਜੁੜਿਆ ਸਮੁੱਚਾ ਸਿੱਖੀ ਜੀਵਨ ਅਤੇ ਉਸ ਦੀ ਸਮੁੱਚੀ ਜਾਚ ਨੂੰ ਨੀਤੀਗਤ ਕਰਨ ਵਾਲੇ ਦਿਸ਼ਾ-ਨਿਰਦੇਸ਼ਿਤ ਕੇਂਦਰ ਵਾਂਗ ਕੰਮ ਕਰਨ ਵਾਲਾ ਸਰਬਉੱਚ ਮੰਚ ਹੈ। ਇਸ ਦੇ ਸਿੰਘ ਸਾਹਿਬ ਦੇ ਹੱਥ ਮੀਰੀ-ਪੀਰੀ ਦੀ ਸ਼ਕਤੀ ਦੀਆਂ ਪ੍ਰਤੀਕ ਦੋ ਕਿਰਪਾਨਾਂ ਨੂੰ ਉਨ੍ਹਾਂ ਦੇ ਸਹੀ ਪ੍ਰਸੰਗ ਵਿਚ ਨਾ ਕੇਵਲ ਵਰਤਣ, ਸਗੋਂ ਪੰਥਕ ਤੇ ਕੌਮੀ ਪ੍ਰਾਪਤੀਆਂ ਲਈ ਸਿੱਖ ਸੰਸਥਾਵਾਂ ਦੇ ਪਿਰਾਮਿਡ ਦੇ ਸਿਰਮੌਰ ਆਗੂ ਰੂਪ ਵਿਚ ਨਿਗਾਹਬਾਨ ਵਜੋਂ ਵੀ ਪੰਥ ਤੇ ਮਨੁੱਖਤਾ ਦੀ ਸੇਵਾ ਕਮਾਉਣਾ ਹੈ। ਇਹੋ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਬਿਰਧ ਹੈ। ਇਹੋ ਰਾਜ ਸਿੰਘਾਸਣ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੰਸਾਰੀ ਬਾਦਸ਼ਾਹੀਆਂ ਤੋਂ ਉਪਰ ਉਠਾ ਕੇ ਸੱਚ-ਆਧਾਰਿਤ ਸੱਚੀ ਪਾਤਿਸ਼ਾਹੀ ਦੇ ਸਰਬਉੱਚ ਪੰਥਕ ਕੇਂਦਰ ਵਜੋਂ ਸਥਾਪਿਤ ਕਰਦਾ ਹੈ। ਇਸ ਦੇ ਅਜਿਹੇ ਸੰਕਲਪ ਦੀ ਸਿਰਜਣਾ ਅਤੇ ਵਿਹਾਰਕ ਰੂਪ ਵਿਚ ਇਸ ਦਾ ਇਹ ਵਿਵਹਾਰ, ਇਤਿਹਾਸ ਵਿਚ ਪੰਥਕ ਪ੍ਰਾਪਤੀਆਂ ਕਰਨ ਜਾਂ ਪੰਥ ਨੂੰ ਆਈਆਂ ਔਕੜਾਂ ਸਮੇਂ ਇਸ ਸੰਸਥਾ ਦੇ ਆਗੂ ਜਥੇਦਾਰ ਸਾਹਿਬ ਰਾਹੀਂ ਪ੍ਰਗਟ ਵੀ ਹੁੰਦਾ ਰਿਹਾ ਹੈ। ਜਦੋਂ ਕਦੇ ਵੀ ਪੰਥ ਉੱਤੇ ਭੀੜਾ ਬਣੀ ਜਾਂ ਸਹਿਜ ਹਾਲਾਤ ਵਿਚ ਵੀ ਸਮੁੱਚਾ ਸਿੱਖ ਪੰਥ, ਵਿਸ਼ੇਸ਼ ਕਰਕੇ ਇਸ ਦੇ ਸੰਘਰਸ਼ਸ਼ੀਲ ਆਗੂ ਅਤੇ ਜਥੇਬੰਦੀਆਂ ਇਸ ਦੇ ਸਿਧਾਂਤਕ ਅਤੇ ਸੰਸਥਾਗਤ ਸ਼ਕਤੀ ਕੇਂਦਰ ਹੋਣ ਕਾਰਨ ਇਸ ਤੋਂ ਅਗਵਾਈ ਪ੍ਰਾਪਤ ਕਰਨ ਲਈ ਇਥੇ ਨਾ-ਕੇਵਲ ਇਕੱਠੇ ਹੁੰਦੇ ਰਹੇ ਹਨ, ਸਗੋਂ ਆਪਸੀ ਮਿਲਵਰਤਨ ਅਤੇ ਪੰਥਕ ਮਰਿਯਾਦਾ ਅਨੁਸਾਰ ਮਿਲ ਬੈਠ ਕੇ ਫ਼ੈਸਲੇ ਵੀ ਲੈਂਦੇ ਰਹੇ ਹਨ। ਇਨ੍ਹਾਂ ਫ਼ੈਸਲਿਆਂ ਨੂੰ ਸਿੱਖ ਪੰਥ ਨੇ ਗੁਰੂ ਦੇ ਫ਼ੈਸਲੇ ਜਾਣ ਕੇ ਉਨ੍ਹਾਂ ਨੂੰ ਗੁਰਮਤੇ ਦੇ ਰੂਪ ਵਿਚ ਆਪਣੀ ਪੰਥਕ ਮਾਨਸਿਕਤਾ ਵਿਚ ਵਸਾਉਂਦਿਆਂ ਸੱਚੇ ਦਿਲੋਂ ਇਨ੍ਹਾਂ ਨੂੰ ਅਮਲੀ ਰੂਪ ਦੇਣ ਲਈ ਯਤਨ ਕੀਤੇ।

ਮਸਲਾ ਜੇਕਰ ਧਾਰਮਿਕ ਸਰੂਪ ਵਾਲਾ ਹੁੰਦਾ ਸੀ ਤਾਂ ਉਹੋ ਹੀ ਜਥੇਦਾਰ ਸਾਹਿਬ ਪੰਜ ਪਿਆਰਿਆਂ ਦੇ ਸਹਿਯੋਗ ਨਾਲ ‘ਪੀਰੀ ਦੀ ਕਿਰਪਾਨ’ ਦੀ ਸ਼ਕਤੀ ਰਾਹੀਂ ਮਿਲੇ ਅਧਿਕਾਰਾਂ ਰਾਹੀਂ ਗੁਰਮਤਿ ਜੁਗਤਿ ਵਿਚ ਫ਼ੈਸਲੇ ਲੈਂਦੇ ਸਨ। ਸਿੱਖ ਇਸ ਪ੍ਰਥਾਇ ਹਰ ਤਰ੍ਹਾਂ ਦੀ ਸਿੱਧੀ-ਅਸਿੱਧੀ ਕਿਰਿਆ ਕਰਦੇ ਸਨ ਤੇ ਫ਼ੈਸਲਿਆਂ ਨੂੰ ਲਾਗੂ ਕਰਨ ਦੀ ਸਥਿਤੀ ਤੱਕ ਉਨ੍ਹਾਂ ਦਾ ਪਿੱਛਾ ਕਰਦੇ ਸਨ। ਇਸੇ ਤਰ੍ਹਾਂ ਹੀ ਜਦੋਂ ਕੋਈ ਮਸਲਾ ਰਾਜਨੀਤੀ, ਸੱਤਾ ਅਤੇ ਸੰਘਰਸ਼ ਨਾਲ ਸਬੰਧਤ ਹੁੰਦਾ ਸੀ ਤਾਂ ਉਹ ਸਰਬੱਤ ਖ਼ਾਲਸਾ ਰੂਪ ਵਿਚ ਸਿੱਖ ਪੰਥ ਦੀ ਸਮੁੱਚੀ ਮਾਨਸਿਕਤਾ ਦੀ ਪ੍ਰਤੀਨਿੱਧਤਾ ਕਰਦੇ ਹੋਏ ‘ਮੀਰੀ ਦੀ ਕਿਰਪਾਨ’ ਦੀ ਸ਼ਕਤੀ ਰਾਹੀਂ ਮਿਲੇ ਅਧਿਕਾਰਾਂ ਰਾਹੀਂ ਪੰਥ ਨੂੰ ਦਿਸ਼ਾ ਅਤੇ ਅਗਵਾਈ ਦਿੰਦੇ ਸਨ। ਉਸ ਸਮੇਂ ਜਥੇਦਾਰ ਸਾਹਿਬ ਦੀ ਨਿਯੁਕਤੀ ਜਾਂ ਪੰਜ ਪਿਆਰਿਆਂ ਦਾ ਸਥਾਈ ਪੱਧਰ ’ਤੇ ਕੰਮ ਕਰਨਾ ਇਤਨੀ ਮਹੱਤਤਾ ਨਹੀਂ ਰੱਖਦਾ ਸੀ, ਕਿਉਂ ਜੋ ਅਜਿਹੀ ਸ਼ਖ਼ਸੀਅਤ ਅਤੇ ਉਸ ਦਾ ਪ੍ਰਭਾਵ ਜ਼ਾਹਰਾ ਰੂਪ ਵਿਚ ਸੀਮਤ ਹੁੰਦੇ ਹੋਏ ਵੀ ਸਰਬੱਤ ਖ਼ਾਲਸਾ

ਰੂਪ ਵਿਚ ਬੈਠੇ ਸਿੱਖ ਆਗੂਆਂ ਅਤੇ ਆਮ ਸਿੱਖਾਂ ਦੀ ਮਾਨਸਿਕਤਾ ਵਿਚ ਗੁਰੂ ਸ਼ਖ਼ਸੀਅਤ ਵੱਸੀ ਹੁੰਦੀ ਸੀ। ਇਹ ਸੋਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹੁਕਮਾਂ ਅਨੁਸਾਰ ਹੀ ਬਣੀ ਸੀ, ਜਿਸ ਵਿਚ ਗੁਰੂ ਸਾਹਿਬ ਨੇ ਹੁਕਮ ਕੀਤਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕ ਮਰਿਯਾਦਾ ਅਨੁਸਾਰ ਜੁੜ ਬੈਠੇ ਸਿੱਖ, ਗੁਰੂ ਪੰਥ ਦੇ ਪ੍ਰਤੀਨਿੱਧ ਰੂਪ ਹੋਣਗੇ। ਖ਼ਾਲਸਾ ਪੰਥ ਨੇ ਚੂੰਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਨੂੰ ਗੁਰੂ ਸੰਸਥਾ ਦੇ ਰੂਪ ਵਿਚ ਪ੍ਰਵਾਨ ਕਰ ਲਿਆ ਸੀ (ਹੈ), ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਰਬੱਤ ਖ਼ਾਲਸਾ ਰੂਪ ਵਿਚ ਜੁੜ ਬੈਠਾ ਸਿੱਖ ਸਮੂਹ ਇਨ੍ਹਾਂ ਦੇ ਸਿਧਾਂਤਕ ਤੇ ਵਿਵਹਾਰਕ ਸੰਸਥਾਵਾਂ ਰਾਹੀਂ ਆਪਣਾ ਪ੍ਰਤੀਨਿੱਧਤਵ ਹੋਇਆ ਸਮਝਦਾ ਸੀ। ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਦੀ ਵਿਆਖਿਆ ਦਾ ਇਹੀ ਰਹੱਸ ਅੱਗੇ ਜਾ ਕੇ ਇਤਿਹਾਸ ਵਿਚ ਹੋਰ ਵਿਕਸਿਤ ਹੋਇਆ।

ਸ੍ਰੀ ਅਕਾਲ ਤਖ਼ਤ ਸਾਹਿਬ ਸਮਾਜਿਕ ਤੇ ਸਮੂਹਿਕ ਪੱਧਰ 'ਤੇ ਸਿੱਖ ਮਾਨਸਿਕਤਾ ਵਿਚ ਵੱਸੀ ਹੋਈ ਸੰਸਥਾ ਹੈ। ਇਸ ਰਾਹੀਂ ਸਿੱਖ ਦਾ ਆਪਣਾ ਆਪ ਤੇ ਉਸ ਦਾ ਸਭ ਕੁਝ ਮਹਾਨ ਗੁਰੂ ਸਾਹਿਬਾਨ ਅਤੇ ਅਕਾਲ ਪੁਰਖ ਨੂੰ ਸਮਰਪਿਤ ਹੈ। ਸਿੱਖਾਂ ਦੇ ਇੱਕੀਵੀਂ ਸਦੀ ਦੇ ਨਵੇਂ ਭਵਿੱਖ ਦੀ ਸਿਰਜਣਾ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਇਸ ਦੇ ਸਿੰਘ ਸਾਹਿਬਾਨ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਬਣ ਜਾਂਦੀ ਹੈ। ਸਿੰਘ ਸਾਹਿਬਾਨ ਦੀ ਸੋਚ ਪਰਵਾਜ਼, ਕੰਮ ਕਰਨ ਦੇ ਢੰਗ, ਵਸੀਲੇ, ਏਜੰਡਾ ਤੇ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚ ਨਿਭਾਈ ਜਾਣ ਵਾਲੀ ਭੂਮਿਕਾ ਵਿਸ਼ਾਲ ਤੇ ਮਹੱਤਵਪੂਰਨ ਹੋਣੇ ਲੋੜੀਂਦੇ ਹਨ। ਸੁੰਗੜ ਚੁੱਕੀ ਇਸ ਧਰਤੀ ਦੇ 'ਵਿਸ਼ਵ ਪਿੰਡ' ਦੇ ਹਰ ਕੋਨੇ, ਯਾਨੀ ਹਰ ਪ੍ਰਗਤੀਸ਼ੀਲ ਮਨੁੱਖੀ ਸਮਾਜ ਤੇ ਸੰਸਥਾਵਾਂ ਦੇ ਕਾਰਜਾਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ 'ਖੁਸ਼ਬੋ' ਦਾ ਅਹਿਸਾਸ, ਵਿਸ਼ਵ ਦੇ ਹਰ ਪ੍ਰਾਣੀ ਮਾਤ੍ਰ ਦੀਆਂ ਮੁਸ਼ਕਿਲਾਂ, ਖੁਸ਼ੀਆਂ, ਖੇੜਿਆਂ ਤੇ ਸਮੱਸਿਆਵਾਂ ਦੇ ਅੰਗ-ਸੰਗ ਵਿਚਰਦਾ ਨਜ਼ਰ ਆਉਣਾ ਮਨੁੱਖਤਾ ਦੇ ਭਲੇ ਲਈ ਹੋਵੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਆਪਣੀ ਥਾਂ ਮਹੱਤਵਪੂਰਨ ਹੈ ਪਰ ਚੂੰਕਿ ਇਸ ਦਾ, ਇਸ ਦੇ ਸਿੰਘ ਸਾਹਿਬ ਰਾਹੀਂ ਹੀ ਪ੍ਰਤੀਨਿੱਧਤਵ ਹੋਣਾ ਹੈ, ਇਸ ਲਈ "ਤਖਤਿ ਬਹੈ ਤਖਤੈ ਕੀ ਲਾਇਕ॥" (ਮਾਰੂ ਮ. ੧, ਅੰਕ : ੧੦੩੯) ਅਨੁਸਾਰ ਇਸ ਦੇ ਸਿੰਘ ਸਾਹਿਬ ਉੱਚੇ ਗੁਣਾਂ ਤੇ ਸ਼ਖ਼ਸੀਅਤ ਵਾਲੇ ਹੋਣੇ ਲੋੜੀਂਦੇ ਹਨ। ਇਸ ਸਮੁੱਚੇ ਵਿਸ਼ਵ ਵਿਚ ਫ਼ੈਲੇ ਸਿੱਖ ਜਨ ਸਮੂਹ ਵਿਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਿਹੋ ਜਿਹੇ ਜਥੇਦਾਰ ਸਾਹਿਬ ਨੂੰ ਕਿਸ ਪ੍ਰਕਿਰਿਆ ਰਾਹੀਂ ਲੱਭ ਕੇ ਇਸ ਤਖ਼ਤ ਦੀਆਂ ਭਵਿੱਖ ਦੀਆਂ ਸੇਵਾਵਾਂ ਤੇ ਜ਼ਿੰਮੇਵਾਰੀਆਂ ਕਿਵੇਂ ਸੌਂਪੀਆਂ ਜਾਣ ਕਿ ਉਨ੍ਹਾਂ ਦੇ ਹੱਥ ਕੇਵਲ ਸਿੱਖ ਪੰਥ ਦਾ ਭਵਿੱਖ ਹੀ ਨਹੀਂ, ਸਗੋਂ ਵਿਸ਼ਵ ਕੌਮਾਂ ਤੇ ਸੱਭਿਅਤਾਵਾਂ ਦੇ ਸਰੋਕਾਰ ਵੀ ਸੁਰੱਖਿਅਤ ਰਹਿਣ। ਪੰਥ ਦੇ ਭਵਿੱਖ ਦਾ ਇਹ ਮਹੱਤਵਪੂਰਨ ਸਰੋਕਾਰ ਹੈ। ਜਿਸ ਬਾਰੇ ਅਸੀਂ ਅੱਗੇ ਵਿਚਾਰ ਕਰਾਂਗੇ। ਗੁਰਮਤਿ ਵਿਚਾਰਧਾਰਾ ਦੀ ਵਿਸ਼ਵ-ਵਿਆਪੀ ਵਿਆਖਿਆ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ 'ਗਲੋਬਲ ਦ੍ਰਿਸ਼ਟੀ ਤੇ ਗਲੋਬਲ ਭੂਮਿਕਾ' ਵਿਸ਼ਵ ਮਨੁੱਖ ਦੀ ਸਮੁੱਚੀ ਰੱਖਿਆ ਦੀ ਜ਼ਾਮਨ ਹੋਵੇਗੀ।

ਸਵਾਲਾਂ ਦਾ ਮੂਲ ਸਵਾਲ ਹੈ ਕਿ ਗੁਰੂ ਸਾਹਿਬਾਨ ਦੇ ਸਰੀਰਕ ਰੂਪ ਵਿਚ ਇਸ ਸੰਸਾਰ ਤੋਂ ਚਲੇ ਜਾਣ ਉਪਰੰਤ ਜਦੋਂ ਗੁਰਿਆਈ ਦੀ ਸੰਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਖ਼ਾਲਸਾ ਪੰਥ ਨੂੰ ਸੌਂਪਣਾ ਹੋਈ, ਸਿੱਖ ਆਪਣੀਆਂ ਵੱਖ-ਵੱਖ ਸੰਸਥਾਵਾਂ ਦੀ ਨਿਯਮਿਤ ਰੂਪ ਵਿਚ ਗੁਣ-ਆਧਾਰਿਤ ਅਗਵਾਈ ਦਾ ਢਾਂਚਾ ਕਿਉਂ ਨਹੀਂ ਸਿਰਜ ਸਕੇ? ਜਥੇਦਾਰ ਸਾਹਿਬਾਨ ਦੀ ਚੋਣ, ਨਿਯੁਕਤੀ, ਕੰਮ ਕਰਨ ਦੇ ਢੰਗ, ਏਜੰਡਾ ਤੇ ਸਹੂਲਤਾਂ ਆਦਿ ਚੁਣੌਤੀਆਂ ਭਰਪੂਰ ਸਮੱਸਿਆਵਾਂ ਵੀ ਇਸ ਵਿਚ ਸ਼ਾਮਲ ਹਨ। ਇਸੇ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਇਸ ਦੇ ਸਿੰਘ ਸਾਹਿਬਾਨ ਦਾ ਸਮੁੱਚਾ ਬਿੰਬ ਅਜੇ ਤੱਕ ਵਿਸ਼ਵ ਅੱਗੇ ਪ੍ਰਗਟ ਨਹੀਂ ਹੋ ਸਕਿਆ। ਸਿੱਖ ਵਿਰੋਧੀ ਤਾਂ ਜ਼ਿੰਮੇਵਾਰ ਹਨ ਹੀ, ਅਸੀਂ ਅਕਾਲ ਦੇ ਇਸ ਤਖ਼ਤ ਦੇ ਮੂਲ ਵਾਰਸ, ਵੀ ਜ਼ਿੰਮੇਵਾਰ ਹਾਂ। ਕਿਸੇ ਵੀ ਸੰਸਥਾ ਦਾ ਬਿੰਬ ਉਸ ਦੇ ਆਗੂਆਂ ਜਾਂ ਹੋਰ ਸਬੰਧਤ ਵਿਅਕਤੀਆਂ ਦੀ ਕਾਰਜਸ਼ੈਲੀ ਰਾਹੀਂ ਪ੍ਰਗਟ ਹੋ ਕੇ ਸ਼ਕਤੀਸ਼ਾਲੀ ਹੋਣਾ ਹੁੰਦਾ ਹੈ।

ਗੁਰੂ ਕਾਲ ਤੋਂ ਬਾਅਦ ਪਿਛਲੇਰੇ ਤਿੰਨ ਸਦੀਆਂ ਦੇ ਛੋਟੇ ਪਰ ਮਹੱਤਵਪੂਰਨ ਸਿੱਖ ਇਤਿਹਾਸ ਵਿਚ ਭਾਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਜਥੇਬੰਦੀ ਦੇ ਮਿਲਵੇਂ ਪਰਾਕ੍ਰਮਾਂ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਪੰਥਕ ਰਾਜ-ਸਿੰਘਾਸਣ ਦਾ ਰੁਤਬਾ ਤਾਂ ਹਾਸਲ ਕਰ ਚੁੱਕਾ ਹੈ, ਪਰ ਇਸ ਗੈਰ-ਰਾਜੀ ਸਿੰਘਾਸਣ ਤੋਂ ਜੋ ਦਿਸ਼ਾ ਸਿੱਖ ਪੰਥ ਅਤੇ ਮਾਨਵ ਜਾਤੀ ਨੂੰ ਮਿਲਣੀ ਚਾਹੀਦੀ ਸੀ, ਉਹ ਦਿਸ਼ਾ ਸਾਕਾਰ ਨਹੀਂ ਹੋਈ। ਇਸ ਦੇ ਕਈ ਹੋਰ ਕਾਰਨਾਂ ਵਿਚੋਂ ਇਕ ਵੱਡਾ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਦੀ ਯੋਗਤਾ, ਨਿਯੁਕਤੀ, ਸੇਵਾਵਾਂ, ਕਾਰਜ ਏਜੰਡਾ ਅਤੇ ਖੁੱਲ੍ਹੇ ਵਾਤਾਵਰਨ ਵਿਚ ਕੰਮ ਨਾ ਕਰ ਸਕਣ ਦੀਆਂ ਖਿੱਚ ਦਿੱਤੀਆਂ ਸੀਮਾਵਾਂ ਜ਼ਿੰਮੇਵਾਰ ਹਨ।

ਇਕ ਸੰਸਥਾ ਦੀ ਮਹਾਨਤਾ ਸਿਧਾਂਤ ਅਤੇ ਇਤਿਹਾਸ ਦੇ ਪੱਧਰਾਂ 'ਤੇ ਤਾਂ ਸਮੇਂ ਦੇ ਬੀਤਣ ਨਾਲ ਉਭਰ ਆਉਂਦੀ ਹੈ ਪਰ ਉਸ ਦਾ ਆਖ਼ਰ ਵਿਵਹਾਰਕ ਕਰਮ ਅਤੇ ਫ਼ੈਲਾਅ ਉਸ ਦੀ ਅਗਵਾਈ ਕਰਨ ਵਾਲੇ ਆਗੂਆਂ ਦੇ ਉੱਤੇ ਵੀ ਨਿਰਭਰ ਕਰਦਾ ਹੈ। ਪੰਥ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਵਿਸ਼ਾਲ, ਦ੍ਰਿੜ੍ਹ ਅਤੇ ਵੱਡੇ ਨਤੀਜੇ ਲਿਆਉਣ ਵਾਲੀ ਭੂਮਿਕਾ ਇਕ ਜਥੇਦਾਰ ਸਾਹਿਬਾਨ ਦੀ ਚੋਣ, ਯੋਗਤਾ ਅਤੇ ਕਾਰਜ-ਵਿਧੀ ਆਦਿ ਉੱਤੇ ਵੀ ਨਿਰਭਰ ਕਰਦੀ ਹੈ। ਪੰਥ ਦੀਆਂ ਧਾਰਮਿਕ ਅਤੇ ਹੋਰ ਨਿਤਾਪ੍ਰਤੀ ਦੀਆਂ ਸਮੱਸਿਆਵਾਂ ਦੇ ਹੱਲ ਨਾ ਹੋ ਸਕਣ ਦਾ ਇਹ ਵੀ ਵੱਡਾ ਕਾਰਨ ਹੈ। ਧਰਮ ਅਤੇ ਇਸ ਦੀਆਂ ਸੰਸਥਾਵਾਂ ਦੇ ਰਾਜਨੀਤੀਕਰਨ ਅੱਗੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਪਦਵੀ ਦਾ ਵੀ ਰਾਜਨੀਤੀਕਰਨ ਹੋ ਗਿਆ ਹੈ। ਇਸ ਰੁਝਾਨ ਨੂੰ ਖ਼ਤਮ ਕਰਕੇ ਜਥੇਦਾਰ ਸਾਹਿਬ ਨੇ ਸਿੱਖ ਧਰਮ, ਪੰਥ ਤੇ ਸਮੁੱਚੇ ਗੁਰਮਤਿ ਪਰਿਪੇਖ ਦੇ ਇਕ ਸਿਧਾਂਤਵੇਤਾ ਅਥਵਾ ਵਿਚਾਰਧਾਰਕ ਸਰੋਤ ਸ਼ਖ਼ਸੀਅਤ ਵਜੋਂ ਸਿੱਖ ਰਾਜਨੀਤੀ, ਸਿੱਖ ਸੱਤਾ, ਵਿਸ਼ਵ ਰਾਜਨੀਤੀ ਤੇ ਵਿਸ਼ਵ ਸੱਤਾ ਦੇ ਵੱਖ-ਵੱਖ ਸ਼ਕਤੀ ਕੇਂਦਰਾਂ ਅਤੇ ਇਨ੍ਹਾਂ ਦੀਆਂ ਨੀਤੀਆਂ ਨੂੰ ਸਿੱਧੇ-ਅਸਿੱਧੇ ਰੂਪ ਵਿਚ ਪ੍ਰਭਾਵਿਤ ਕਰਨਾ ਹੈ ਅਤੇ ਇਨ੍ਹਾਂ ਨੂੰ ਵਿਸ਼ੇਸ਼ ਤਰ੍ਹਾਂ ਦੀ ਦਿਸ਼ਾ ਦਿੰਦੇ ਰਹਿਣਾ ਹੈ।

ਇਹ ਇਕ ਵੱਡਾ ਅਤੇ ਅਤਿ ਮਹੱਤਵਪੂਰਨ ਮੁੱਦਾ ਹੈ, ਜਿਸ ਨਾਲ ਸਿੱਖ ਪੰਥ ਅਤੇ ਮਾਨਵ ਜਾਤੀ ਦਾ ਭਵਿੱਖ ਵੀ ਜੁੜਿਆ ਹੋਇਆ ਹੈ। ਸਮਕਾਲੀ ਪੰਥਕ ਸੰਸਥਾਵਾਂ ਅਤੇ ਰੌਸ਼ਨ ਬੁੱਧੀ ਵਾਲੇ ਵਿਦਵਾਨਾਂ ਅਤੇ ਆਗੂਆਂ ਨੂੰ ਮਿਲ ਬੈਠ ਕੇ ਵਿਚਾਰ ਕਰਨ ਦੀ ਲੋੜ ਹੈ। ਜਿਸ ਪੰਥਕ ਰਾਜ-ਸਿੰਘਾਸਣ ਦੇ ਸ੍ਰੀ ਅਕਾਲ ਤਖ਼ਤ ਸਾਹਿਬ 'ਬਿੰਬ' ਹਨ, ਉਹ ਸਿੱਖ ਪੰਥ ਅਤੇ ਮਾਨਵ ਜਾਤੀ ਨੂੰ ਭਵਿੱਖ ਵਿਚ ਸਮੇਂ ਦੀਆਂ ਲੋੜਾਂ ਅਨੁਸਾਰ ਕਿਵੇਂ ਦਿਸ਼ਾ ਦੇਣਗੇ, ਇਸ ਬਾਰੇ ਸਾਰੇ ਪੰਥ ਨੂੰ ਵਿਚਾਰ ਕਰਨ ਦੀ ਲੋੜ ਹੈ।

***ਡਾਇਰੈਕਟਰ ਭਾਈ ਗੁਰਦਾਸ**
**ਇੰਸਟੀਚਿਊਟ ਆਫ਼ ਐਡਵਾਂਸ ਸਿੱਖ ਸਟੱਡੀਜ਼,**
**ਸ੍ਰੀ ਅਨੰਦਪੁਰ ਸਾਹਿਬ।**
**ਫ਼ੋਨ : 98725-91713**

# ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥



**ਭਾਈ ਅਮਰੀਕ ਸਿੰਘ ਅੰਬਾਲਾ**

**ਅੰਮ੍ਰਿਤ ਕੇਵਲ ਖੰਡੇ ਬਾਟੇ ਦਾ ਲੈਣਾ, ਕੇਵਲ ਪੰਜ ਪਿਆਰਿਆਂ ਤੋਂ ਹੀ (ਕਿਸੇ ਇਕੱਲੇ ਸੱਜਣ ਤੋਂ ਨਹੀਂ) ਤੇ ਜੋ ਉਪਦੇਸ਼ ਰਹਿਤ ਸਬੰਧੀ ਪੰਚਾਂ ਵਲੋਂ ਮਿਲੇ, ਉਸ ਨੂੰ ਮਨ ਵਿਚ ਦ੍ਰਿੜ੍ਹ ਕਰਕੇ ਰੱਖੇ। ਅੰਮ੍ਰਿਤ ਸੰਚਾਰ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਪੰਚਾਂ ਵਲੋਂ ਪੰਜ ਕਕਾਰਾਂ ਦੀ ਰਹਿਤ, ਚਾਰ ਬੱਜਰ ਕੁਰਹਿਤਾਂ ਤੋਂ ਸਾਵਧਾਨ, ਨਿੱਤਨੇਮ, ਸਿਮਰਨ-ਅਭਿਆਸ ਤੇ ਹੋਰ ਗੁਰਮਤਿ ਰਹਿਣੀ ਦੀਆਂ ਹਦਾਇਤਾਂ (ਸ਼ਰਤਾਂ) ਬਾਰੇ ਅੰਮ੍ਰਿਤ ਅਭਿਲਾਖੀ ਨੂੰ ਵਿਸਥਾਰ ਵਿਚ ਜਾਣੂ ਕਰਵਾਇਆ ਜਾਂਦਾ ਹੈ, ਜਿਸ ਨਾਲ ਸਿੱਖ ਤੇ ਗੁਰੂ ਸਾਹਿਬ ਵਿਚਕਾਰ ਇਕ ਮਹਿਦੂਦ (Divine Agreement) ਹੋ ਜਾਂਦਾ ਹੈ, ਜਿਸ ਦੀਆਂ ਸ਼ਰਤਾਂ (terms & Condition) ਵੀ ਹਨ। ਇਹ ਸਮਝੌਤਾ ਦਰਗਾਹ ਵਿਚ ਵੀ ਬਕਾਇਦਾ ਨੋਟ ਹੋ ਜਾਂਦਾ ਹੈ।**

ਅਕਾਲ ਪੁਰਖ ਵਾਹਿਗੁਰੂ ਜੀ ਨੇ ਆਪਣੀ ਮੌਜ ਅੰਦਰ ਕੁਦਰਤ ਦੀ ਰਚਨਾ ਕੀਤੀ; ਬੇਅੰਤ ਖੰਡ, ਮੰਡਲ, ਬ੍ਰਹਿਮੰਡ, ਪੌਣ, ਪਾਣੀ, ਅਗਨੀ, ਆਕਾਸ਼, ਪਾਤਾਲ ਇਤਿਆਦਿ ਸਾਜਦਿਆਂ ਭਾਂਤ-ਭਾਂਤ ਦੇ ਜੀਵਾਂ ਦੀਆਂ ਚੁਰਾਸੀ ਲੱਖ ਜੂਨੀਆਂ ਪੈਦਾ ਕੀਤੀਆਂ। ਮਨੁੱਖਾ ਜੂਨੀ ਇਨ੍ਹਾਂ ਦੀ ਸਿਰਮੌਰ ਸ਼੍ਰੇਣੀ ਸਾਜੀ। ਸਮੇਂ-ਸਮੇਂ ਧਾਰਮਿਕ ਹਸਤੀਆਂ ਨੇ ਆ ਕੇ ਮਨੁੱਖਾਂ ਨੂੰ ਇਸ ਅਮੋਲਕ ਮੌਕੇ ਦਾ ਲਾਭ ਲੈਣ ਲਈ ਸੁਚੇਤ ਕਰਨ ਦਾ ਉਪਰਾਲਾ ਆਰੰਭਿਆ।

- **ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥**
**ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥੨॥ (॥੧੬॥੧॥੫॥)**
**(ਮਾਰੂ ਸੋਲਹੇ ਮ: ੫, ਅੰਗ: ੧੦੭੫)**
- **ਲਖ ਚਉਰਾਸੀਹ ਜੋਨਿ ਭ੍ਰਮਿ ਆਇਓ॥ ਅਬ ਕੇ ਛੁਟਕੇ ਠਉਰ ਨ ਠਾਇਓ॥੩॥ (॥੪॥੧॥੧੧॥੬੨॥)**
**(ਭਗਤ ਕਬੀਰ ਜੀ, ਗਉੜੀ ੯, ਅੰਕ: ੩੩੭)**
- **ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥**
**ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥੩੦॥ (ਸਲੋਕ ਭਗਤ ਕਬੀਰ ਜੀਉ ਕੇ, ਅੰਗ: ੧੩੬੬)**
- **ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ॥੧॥ (ਸਲੋਕ ਸੇਖ ਫਰੀਦ ਕੇ, ਅੰਗ: ੧੩੭੭)**

ਇਸ ਤਰ੍ਹਾਂ ਦੀਆਂ ਆਵਾਜ਼ਾਂ-ਚਿਤਾਵਨੀਆਂ ਅਕਸਰ ਸਾਡੇ ਕੰਨੀਂ ਪੈਂਦੀਆਂ ਰਹਿੰਦੀਆਂ ਹਨ। ਇਕ ਸ਼੍ਰੇਣੀ ਤਾਂ ਉਨ੍ਹਾਂ ਮਨੁੱਖਾਂ ਦੀ ਹੈ ਜੋ ਸੁਣਨ ਦੇ ਬਾਵਜੂਦ ਕਦੇ ਵੀ ਅਮਲ ਨਹੀਂ ਕਰਦੇ, ਜਿਵੇਂ ਕਿ ਕਸਮ ਖਾਧੀ ਹੋਵੇ।

ਦੂਜੀ ਸ਼੍ਰੇਣੀ ਉਨ੍ਹਾਂ ਦੀ ਹੈ ਜੋ ਮਨੁੱਖਾ ਦੇਹੀ ਦੇ ਦੁਰਲੱਭ ਮੌਕੇ ਦਾ ਲਾਭ ਲੈਣ ਲਈ ਕੁਝ ਸੁਚੇਤ ਤਾਂ ਹਨ; ਭਾਵ ਰੋਮਾਂ ਦੀ ਬੇਅਦਬੀ ਨਹੀਂ ਕਰਦੇ, ਗੁਰਦੁਆਰੇ ਵੀ ਆਉਂਦੇ ਹਨ, ਸ਼ਰਾਬ ਇਤਿਆਦਿ ਨਸ਼ਿਆਂ ਤੋਂ ਵੀ ਗੁਰੇਜ਼ ਕਰਦੇ ਹਨ। ਪਰ ਦੁਬਿਧਾ ਵਿਚ ਹੋਣ ਕਾਰਨ ਬਿਰਧ ਉਮਰ ਵਿਚ ਪਹੁੰਚਣ ਦੇ ਬਾਵਜੂਦ ਸਿੱਖ ਧਰਮ ਵਿਚ ਵਿਧੀ ਪੂਰਵਕ ਦਾਖ਼ਲਾ ਨਹੀਂ ਲੈਂਦੇ। ਤੀਜੀ ਸ਼੍ਰੇਣੀ ਹੈ ਆਗਿਆਕਾਰ ਸਫਲ ਗੁਰਸਿੱਖਾਂ ਦੀ।

ਗੁਰਬਾਣੀ ਦੇ ਚਾਨਣ ਵਿਚ ਇਸ ਸੰਦਰਭ ਵਿਚ ਕੁਝ ਜ਼ਰੂਰੀ ਨੁਕਤਿਆਂ ਨੂੰ ਵਾਚਣ ਦੀ ਲੋੜ ਹੈ:

## ੧. ਬਿਨੁ ਗੁਰ ਦੀਖਿਆ ਕੈਸੇ ਗਿਆਨੁ

ਕਿਸੇ ਪ੍ਰਕਾਰ ਦੀ ਵਿਦਿਆ ਪ੍ਰਾਪਤ ਕਰਨ ਲਈ ਸਕੂਲ, ਕਾਲਜ, ਯੂਨੀਵਰਸਿਟੀ ਜਾਂ

ਸਿੱਖਿਆ ਕੇਂਦਰ ਵਿਚ ਦਾਖ਼ਲਾ ਲੈਣਾ ਪੈਂਦਾ ਹੈ। ਇਵੇਂ ਹੀ ਦੀਖਿਆ; ਭਾਵ ਸਿੱਖਿਆ ਗੁਰੂ ਤੋਂ ਲੈਣ ਲਈ ਵੀ ਗੁਰਮਤਿ ਦੁਆਰਾ ਦਰਸਾਈ ਵਿਧੀ ਮੁਤਾਬਕ ਦਾਖ਼ਲਾ (Registration) ਜ਼ਰੂਰੀ ਹੈ। ਉਪਰੋਕਤ ਗੁਰਵਾਕ ਤੋਂ ਸਪੱਸ਼ਟ ਹੈ ਕਿ ਗੁਰ-ਦੀਖਿਅਤ ਹੋਏ ਬਗ਼ੈਰ ਆਤਮਕ ਗਿਆਨ ਦੀ ਪ੍ਰਾਪਤੀ ਨਹੀਂ।

**• ਗੁਰ ਦੀਖਿਆ ਲੈ ਸਿਖ ਸਿਖੁ ਸਦਾਇਆ॥**
**(ਭਾਈ ਗੁਰਦਾਸ ਜੀ, ਵਾਰ ੩, ਪਉੜੀ: ੧੧)**

## ੨. ਨਿਗੁਰੇ ਕਾ ਹੈ ਨਾਉ ਬੁਰਾ

ਗੁਰਬਾਣੀ ਵਿਚ ਆਏ ਇਸ ਵਿਸ਼ੇ ’ਤੇ ਬੇਅੰਤ ਗੁਰਵਾਕ ਹਨ, ਜਿਨ੍ਹਾਂ ਵਿਚੋਂ ਕੁਝ ਕੁ ਇਹ ਹਨ:

**• ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥ ( ॥੧੮॥੧॥੨॥) (ਰਾਗੁ ਆਸਾ ਮ: ੩ ਪਟੀ, ਅੰਗ: ੪੩੫)**

**• ਮਾਈ ਗੁਰ ਬਿਨੁ ਗਿਆਨੁ ਨ ਪਾਈਐ॥**
**ਅਨਿਕ ਪ੍ਰਕਾਰ ਫਿਰਤ ਬਿਲਲਾਤੇ ਮਿਲਤ ਨਹੀ ਗੋਸਾਈਐ ॥੧॥ ( ॥੨॥੨੨॥)**
**(ਦੇਵਗੰਧਾਰੀ ਮ: ੫, ਅੰਗ: ੫੩੨)**

**• ਬਿਨੁ ਗੁਰ ਭਰਮੈ ਆਵੈ ਜਾਇ॥ ਬਿਨੁ ਗੁਰ ਘਾਲ ਨ ਪਵਈ ਥਾਇ॥**
**ਬਿਨੁ ਗੁਰ ਮਨੂਆ ਅਤਿ ਡੋਲਾਇ॥ ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ॥**
**ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ॥ ਨਾਨਕ ਗੁਰ ਬਿਨੁ ਘਾਟੇ ਘਾਟ ॥੩੮॥**
**(ਰਾਮਕਲੀ ਮ: ੧ ਸਿਧ ਗੋਸਟਿ, ਅੰਗ: ੯੪੨)**

**• ਬਿਨੁ ਗੁਰ ਦਾਤੇ ਕੋਇ ਨ ਪਾਏ॥ ਲਖ ਕੋਟੀ ਜੇ ਕਰਮ ਕਮਾਏ॥**
**ਗੁਰ ਕਿਰਪਾ ਤੇ ਘਟ ਅੰਤਰਿ ਵਸਿਆ ਸਬਦੇ ਸਚੁ ਸਾਲਾਹਾ ਹੇ ॥੧੫॥ ( ॥੧੬॥੪॥੧੩॥)**
**(ਮਾਰੂ ਮ: ੩, ਅੰਗ: ੧੦੫੭)**

**• ਮਤ ਕੋ ਭਰਮਿ ਭੁਲੈ ਸੰਸਾਰਿ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ ( ॥੪॥੫॥੭॥)**
**(ਗੋਂਡ ਮ: ੫, ਅੰਗ: ੮੬੪)**

**• ਗੁਰਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥**
**ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥੩੩॥**
**(ਸਲੋਕ ਸਹਸਕ੍ਰਿਤੀ ਮ: ੫, ਅੰਗ: ੧੩੫੬)**
**(*ਕੂਕਰਹ = ਕੁੱਤਾ, ਸੂਕਰਹ = ਸੂਰ, ਗਰਧਭਹ = ਗਧਾ, ਕਾਕਹ = ਕਾਂ, ਸਰਪਨਹ = ਸੱਪ, ਤੁਲਿ= ਬਰਾਬਰ, ਖਲਹ = ਮੂਰਖ।)**

## ੩. ਸਮਰੱਥ (ਪੂਰੇ) ਗੁਰੂ ਬਾਝੋਂ ਕਲਿਆਣ ਨਹੀਂ

**• ਕੇਤੇ ਗੁਰ ਚੇਲੇ ਫੁਨਿ ਹੂਆ॥ ਕਾਚੇ ਗੁਰ ਤੇ ਮੁਕਤਿ ਨ ਹੂਆ॥...॥੨੧॥ ( ॥੫੪॥੧॥)**
**(ਰਾਮਕਲੀ ਮ: ੧ ਦਖਣੀ ਓਅੰਕਾਰੁ, ਅੰਗ: ੯੩੨)**

**• ਪੂਰੇ ਗੁਰ ਤੇ ਨਾਮੁ ਪਾਇਆ ਜਾਇ॥ ਸਚੈ ਸਬਦਿ ਸਚਿ ਸਮਾਇ ॥੧॥ ( ॥੪॥੮॥)**
**(ਵਡਹੰਸੁ ਮ: ੩, ਅੰਗ: ੫੬੦)**

**• ਪੂਰੇ ਗੁਰ ਤੇ ਨਾਮੁ ਪਾਇਆ ਜਾਇ॥ ਜੋਗ ਜੁਗਤਿ ਸਚਿ ਰਹੈ ਸਮਾਇ॥...॥੩੪॥**
**(ਰਾਮਕਲੀ ਮ: ੧ ਸਿਧ ਗੋਸਟਿ, ਅੰਗ: ੯੪੧)**

**• ਪੂਰੇ ਗੁਰ ਕਾ ਸੁਨਿ ਉਪਦੇਸੁ॥...॥੧॥ ( ॥੮॥੨੪॥)**
**(ਗਉੜੀ ਸੁਖਮਨੀ ਮ: ੫, ਅੰਗ: ੨੯੫)**

**• ਅੰਮ੍ਰਿਤ ਗੁਣ ਉਚਰੈ ਪ੍ਰਭ ਬਾਣੀ॥ ਪੂਰੇ ਗੁਰ ਕੀ ਸੁਮਤਿ ਪਰਾਣੀ ॥੧॥ ( ॥੪॥੨੭॥੯੬॥)**
**(ਗਉੜੀ ਗੁਆਰੇਰੀ ਮ: ੫, ਅੰਗ: ੧੮੪)**

**• ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥...॥੧॥**
**(ਸਲੋਕੁ ਮ: ੩, ਅੰਗ: ੫੧੫)**

**• ਤਿਸ ਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ॥...॥੨॥ ( ॥੪॥੭॥੭੭॥)**
**(ਸ੍ਰੀਰਾਗੁ ਮ: ੫, ਅੰਗ: ੪੪)**

**• ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥ ( ॥੮॥੪॥)**
**(ਨਟ ਮ: ੪, ਅੰਗ: ੯੮੨)**

**• ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ॥...॥੨॥ ( ॥੪॥੧੮॥)**
**(ਗਉੜੀ ਕਬੀਰ ਜੀ, ਅੰਗ: ੩੨੭)**

**• ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ ॥੨॥੩॥੩੬॥**
**(ਕਾਨੜਾ ਮ: ੫, ਅੰਗ: ੧੩੦੫)**

**• ਗੁਰੁ ਪੂਰਾ ਜਿਨ ਸਿਮਰਿਆ ਸੇਈ ਭਏ ਨਿਹਾਲ॥...॥੮॥ ( ॥੨੨॥)**
**(ਸਲੋਕ ਮ: ੫, ਅੰਗ: ੧੪੨੫)**

**• ਪੂਰਾ ਸਤਿਗੁਰ ਜਾਣੀਐ ਪੂਰੇ ਪੂਰਾ ਥਾਟ ਬਣਾਇਆ॥**
**ਪੂਰੇ ਪੂਰਾ ਸਾਧਸੰਗੁ ਪੂਰੇ ਪੂਰਾ ਮੰਤ੍ਰ ਦ੍ਰਿੜਾਇਆ॥**
**ਪੂਰੇ ਪੂਰਾ ਪਿਰਮ ਰਸੁ ਪੂਰਾ ਗੁਰਮੁਖਿ ਪੰਥੁ ਚਲਾਇਆ॥**
**ਪੂਰੇ ਪੂਰਾ ਦਰਸਣੋ ਪੂਰੇ ਪੂਰਾ ਸਬਦੁ ਸੁਣਾਇਆ॥**
**ਪੂਰੇ ਪੂਰਾ ਬੈਹਣਾ ਪੂਰੇ ਪੂਰਾ ਤਖਤੁ ਰਚਾਇਆ॥**
**(ਭਾਈ ਗੁਰਦਾਸ ਜੀ, ਵਾਰ ੬, ਪਉੜੀ ੧)**

## ੪. ਮਾਰਗ ਸਪੱਸ਼ਟ, ਸਿੱਧਾ, ਭਰਮ-ਰਹਿਤ, ਪਾਖੰਡ-ਰਹਿਤ, ਪੂਰਨ ਕਲਿਆਣਕਾਰੀ ਹੋਵੇ

**• ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ॥...॥੩॥ ( ॥੮॥੮॥)**
**(ਸਿਰੀਰਾਗੁ ਮ: ੧, ਅੰਗ: ੫੮)**

**• ਕਾਗਰ ਨਾਵ ਲੰਘਹਿ ਕਤ ਸਾਗਰੁ ਬ੍ਰਿਥਾ ਕਥਤ ਹਮ ਤਰਤੇ ॥੨॥ ( ॥੩॥੪॥)**
**(ਮਲਾਰ ਮ: ੫, ਅੰਗ: ੧੨੬੭)**

ਕਾਗਜ਼ ਦੀ ਬੇੜੀ ’ਤੇ ਚੜ੍ਹ ਕੇ ਕਿਵੇਂ ਸਮੁੰਦਰ ਤੋਂ ਪਾਰ ਲੰਘ ਸਕਦੇ ਹਨ? ਉਹ ਵਿਅਰਥ ਆਖਦੇ ਹਨ ਕਿ ਅਸੀਂ ਲੰਘ ਰਹੇ ਹਾਂ।

**• ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ॥...॥੧॥**
**(ਸਲੋਕ ਮ: ੧, ਅੰਗ: ੧੨੮੬)**

ਕੱਚੇ-ਪਾਖੰਡੀ ਗੁਰੂਆਂ ਦੀ ਹਾਲਤ ਦੱਸਦਿਆਂ ਕਿਹਾ ਹੈ ਕਿ ਜੋ ਚੂਹਾ (ਆਪ ਹੀ) ਖੁੱਡ ਵਿਚ ਸਮਾ (ਵੜ) ਨਹੀਂ ਸਕਦਾ ਤੇ ਉੱਤੋਂ ਲੱਕ ਨਾਲ ਛੱਜ ਬੰਨ੍ਹ ਲੈਂਦਾ ਹੈ, ਭਾਵ ਪਿੱਛੇ ਚੇਲੇ ਲਾ ਲੈਂਦਾ ਹੈ ਕਿ ਪਾਰ ਕਰਾਵਾਂਗਾ।

**• ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ॥...॥੧॥ ( ॥੪॥੪॥)**
**(ਬਿਲਾਵਲੁ ਮ: ੩, ਅੰਗ: ੭੯੭)**

**• ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥੨॥**
**(ਸਵਈਏ ਮਹਲੇ ਪੰਜਵੇ ਕੇ ੫, ਅੰਗ: ੧੪੦੮)**

ਇਸ ਗੁਰੂ ਜਹਾਜ਼ ਦੀ ਸਮਰੱਥਾ (Capacity) ਇੰਨੀ ਕਿ ਸਾਰੀ ਸ੍ਰਿਸ਼ਟੀ ਵੀ ਵਿਚ ਬਹਿ ਜਾਵੇ, ਤਰ ਜਾਵੇਗੀ।

**• ਸਤਿਗੁਰੁ ਪੁਰਖੁ ਅਚਲੁ ਅਚਲਾ ਮਤਿ ਜਿਸੁ ਦ੍ਰਿੜਤਾ ਨਾਮੁ ਅਧਾਰੇ॥...॥੩॥ ( ॥੫॥੩॥)**
**(ਸਾਰਗ ਮ: ੪, ਅੰਗ: ੧੧੯੯)**

**• ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ॥...॥੧॥**
**(ਸਲੋਕ ਮ: ੩, ਅੰਗ: ੫੪੮)**

ਧੁਰ ਦਰਗਾਹੋਂ ਆਈ ਗੁਰੂ ਕੀ ਮਤ ਅੱਚਲ (ਸਦਾ ਕਾਇਮ ਰਹਿਣ ਵਾਲੀ ਹੈ) ਇਸ ਨੂੰ ਕੋਈ ਬਦਲ ਨਹੀਂ ਸਕਦਾ। ਦੁਨਿਆਵੀ ਸੰਵਿਧਾਨ ਵਿਚ ਨਿੱਤ ਤਬਦੀਲੀ ਹੁੰਦੀ ਰਹਿੰਦੀ ਹੈ। ਪਰ ਅਕਾਲ ਪੁਰਖ ਦਾ ਸੰਵਿਧਾਨ, ਉਸ ਦਾ ਸਿਧਾਂਤ ਅਟੱਲ ਹੈ।

## ੫. ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ॥

**ਪ੍ਰਥਮ ਰਹਿਤ ਯਹਿ ਜਾਨ ਖੰਡੇ ਕੀ ਪਾਹੁਲ ਛਕੇ॥**
**ਸੋਈ ਸਿੰਘ ਪ੍ਰਧਾਨ ਅਵਰ ਨ ਪਾਹੁਲ ਜੋ ਲਏ॥**

**ਪਾਂਚ ਸਿੰਘ ਅੰਮ੍ਰਿਤ ਜੋ ਦੇਵੈਂ ਤਾਂ ਕੋ ਸਿਰ ਧਰ ਛਕ ਪੁਨ ਲੇਵੈ ॥**
**ਪੁਨ ਮਿਲ ਪਾਂਚੋ ਰਹਿਤ ਜੋ ਭਾਖੈ ਤਾਂ ਕੋ ਮਨ ਮੇਂ ਦ੍ਰਿੜ ਕਰ ਰਾਖੈ ॥**
**(ਰਹਿਤਨਾਮਾ ਭਾਈ ਦੇਸਾ ਸਿੰਘ ਜੀ)**

ਉਪਰੋਕਤ ਫ਼ਰਮਾਨ ਤੋਂ ਸਪੱਸ਼ਟ ਹੈ ਕਿ ਅੰਮ੍ਰਿਤ ਕੇਵਲ ਖੰਡੇ ਬਾਟੇ ਦਾ ਲੈਣਾ, ਕੇਵਲ ਪੰਜ ਪਿਆਰਿਆਂ ਤੋਂ ਹੀ (ਕਿਸੇ ਇਕੱਲੇ ਸੱਜਣ ਤੋਂ ਨਹੀਂ) ਤੇ ਜੋ ਉਪਦੇਸ਼ ਰਹਿਤ ਸਬੰਧੀ ਪੰਚਾਂ ਵਲੋਂ ਮਿਲੇ, ਉਸ ਨੂੰ ਮਨ ਵਿਚ ਦ੍ਰਿੜ੍ਹ ਕਰਕੇ ਰੱਖੇ। ਅੰਮ੍ਰਿਤ ਸੰਚਾਰ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਪੰਚਾਂ ਵਲੋਂ ਪੰਜ ਕਕਾਰਾਂ ਦੀ ਰਹਿਤ, ਚਾਰ ਬੱਜਰ ਕੁਰਹਿਤਾਂ ਤੋਂ ਸਾਵਧਾਨ, ਨਿੱਤਨੇਮ, ਸਿਮਰਨ-ਅਭਿਆਸ ਤੇ ਹੋਰ ਗੁਰਮਤਿ ਰਹਿਣੀ ਦੀਆਂ ਹਦਾਇਤਾਂ (ਸ਼ਰਤਾਂ) ਬਾਰੇ ਅੰਮ੍ਰਿਤ ਅਭਿਲਾਖੀ ਨੂੰ ਵਿਸਥਾਰ ਵਿਚ ਜਾਣੂ ਕਰਵਾਇਆ ਜਾਂਦਾ ਹੈ, ਜਿਸ ਨਾਲ ਸਿੱਖ ਤੇ ਗੁਰੂ ਸਾਹਿਬ ਵਿਚਕਾਰ ਇਕ ਮਹਿਦੂਦ (Divine Agreement) ਹੋ ਜਾਂਦਾ ਹੈ, ਜਿਸ ਦੀਆਂ ਸ਼ਰਤਾਂ (terms & Condition) ਵੀ ਹਨ। ਇਹ ਸਮਝੌਤਾ ਦਰਗਾਹ ਵਿਚ ਵੀ ਬਕਾਇਦਾ ਨੋਟ ਹੋ ਜਾਂਦਾ ਹੈ।

ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਬੇਅੰਤ ਸ਼ਬਦਾਂ ਵਿਚ ਬਹੁਤ ਸਾਰੀਆਂ ਸ਼ਰਤਾਂ ਵੀ ਮੌਜੂਦ ਹਨ, ਜਿਵੇਂ ਕਿ:

- **ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ ॥...॥੪॥੨੯॥੯੯॥**
**(ਸਿਰੀਰਾਗੁ ਮ: ੫, ਅੰਗ: ੫੨)**
- **ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫॥**
**(ਸਲੋਕ ਸੇਖ ਫਰੀਦ ਕੇ, ਅੰਗ: ੧੩੮੨)**
- **ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥...॥੭॥**
**(ਮਾਰੂ ਵਾਰ ਮ: ੫ ਡਖਣੇ ਮ: ੫, ਅੰਗ: ੧੦੯੬)**
- **ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥...॥੧੫੮॥**
**(ਸਲੋਕ ਭਗਤ ਕਬੀਰ ਜੀਉ ਕੇ, ਅੰਗ: ੧੩੭੨)**
- **ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥...॥੨੨॥ ( ॥੪੦॥੧॥)**
**(ਰਾਮਕਲੀ ਮ: ੩ ਅਨੰਦੁ, ਅੰਗ: ੯੨੦)**
- **ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥...॥੨॥ ( ॥੪॥੬॥੭੬॥)**
**(ਸਿਰੀਰਾਗੁ ਮ: ੫, ਅੰਗ: ੪੪)**

ਇਕ ਪਾਸੇ ਗੁਰੂ ਸਾਹਿਬ ਤੇ ਦੂਜੇ ਪਾਸੇ ਸਿੱਖ (ਗੁਰੂ ਦੀ ਓਟ/ਰਹਿਮਤ ਸਦਕਾ) ਇਸ (Contract) ਮਹਿਦੂਦ ਨੂੰ ਨਿਭਾਉਂਦੇ ਹਨ।

ਦਸਮੇਸ਼ ਪਿਤਾ ਜੀ ਦੇ ਕੁਝ ਫ਼ਰਮਾਨ ਇਉਂ ਹਨ:

- **ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮਹਿ ਹੌ ਕਰੌ ਨਿਵਾਸ ॥ (ਪੂਰਾ ਸ਼ਬਦ ਵੀਚਾਰੀਏ)**
- **ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਉ ਮੈਂ ਸਾਰਾ ॥**
- **ਮੋ ਗ੍ਰਹਿ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨਹੀ ਕੋ ॥੬੪੫॥**
- **ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋ ਸੋ ਗਰੀਬ ਕਰੋਰ ਪਰੇ ॥੨॥**

ਕਿੰਨੀ ਵਡਿਆਈ ਬਖ਼ਸ਼ੀ ਹੈ ਸਤਿਗੁਰਾਂ ਨੇ ਆਪਣੇ ਖ਼ਾਲਸੇ ਨੂੰ। ਪ੍ਰੰਤੂ ਯਾਦ ਰੱਖੀਏ ਕਿ ਗੁਰੂ ਸਾਹਿਬ ਆਪਣਾ ਪੂਰਾ ਤੇਜ ਪ੍ਰਤਾਪ ਸਿੱਖ ਨੂੰ ਉਦੋਂ ਤੱਕ ਦੇਣਗੇ ਜਦੋਂ ਤੱਕ ਖ਼ਾਲਸਾ- ਸ਼ੁੱਧ (Pure) ਹੈ। ਜਦੋਂ ਤੱਕ ਖ਼ਾਲਸਾ ਨਿਆਰਾ, ਭਾਵ ਗ਼ਲਤ ਸੰਗਤ ਤੋਂ ਬਚਿਆ ਹੋਇਆ ਹੈ।

- **ਰਹਿਣੀ ਰਹੈ ਸੋਈ ਸਿਖ ਮੇਰਾ ॥ ਉਹ ਠਾਕੁਰੁ ਮੈ ਉਸ ਕਾ ਚੇਰਾ ॥**
- **ਰਹਿਤ ਪਿਆਰੀ ਮੁਝ ਕਉ ਸਿਖ ਪਿਆਰਾ ਨਾਹਿ ॥**
**(ਰਹਿਤਨਾਮਾ ਭਾਈ ਦੇਸਾ ਸਿੰਘ ਜੀ)**

ਇਨਸਾਨੀਅਤ ਨਾਤੇ ਬੇਸ਼ੱਕ ਆਪਣੇ ਚੌਗਿਰਦੇ ਲੋਕਾਂ ਨਾਲ ਮਿਲਦਾ ਵਰਤਦਾ ਹੈ, ਆਪਣੇ ਫ਼ਰਜ਼ ਤੋਂ ਕੋਤਾਹੀ ਨਹੀਂ ਕਰਦਾ, ਪਰ ਨਿਗੁਰਿਆਂ-ਵੇਦੀਨਾਂ ਨਾਲ ਰੋਟੀ-ਬੇਟੀ ਦੀ ਸਾਂਝ ਵੀ ਨਹੀਂ ਕਰਦਾ। ਗੁਰਵਾਕ ਹੈ:

- **ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥**
**ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥**
**ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥...॥੧॥**
**(ਸਲੋਕ ਮ: ੧, ਅੰਗ: ੭੯੦)**

ਚੋਰਾਂ, ਡਾਕੂਆਂ, ਲੁੱਚੇ ਬੰਦਿਆਂ, ਵਿਭਚਾਰਨ ਔਰਤਾਂ ਇਤਿਆਦਿ ਇਖ਼ਲਾਕ ਤੋਂ ਡਿੱਗੇ ਲੋਕਾਂ ਦਾ ਆਪਸ ਵਿਚ ਵਰਤ-ਵਿਹਾਰ ਹੁੰਦਾ ਹੈ ਤੇ ਇਨ੍ਹਾਂ ਦਾ ਆਪਸ ਵਿਚ ਖਾਣ-ਪੀਣ ਹੁੰਦਾ ਹੈ। ਵਾਹਿਗੁਰੂ ਦੀ ਸਿਫ਼ਤ ਸਾਲਾਹ ਦੀ ਸੂਝ ਨਹੀਂ ਹੁੰਦੀ। ਇਨ੍ਹਾਂ ਨਾਲ ਜੇ ਕੋਈ ਦੋਸਤੀ, ਖਾਣ-ਪੀਣ ਦੀ ਸਾਂਝ ਕਰੇ, ਉਸ ਵਿਚ ਵੀ ਸ਼ੈਤਾਨ ਦਾ ਵਾਸਾ ਹੋ ਜਾਵੇਗਾ। ਨਾਮ ਤੇ ਬਾਣੀ ਦਾ ਪ੍ਰਵਾਹ ਰੁਕ ਸਕਦਾ ਹੈ।

- **ਰਲੈ ਜੁ ਸੰਗਤਿ ਮੀਣਿਆ ਉਠਿ ਚਲੈ ਨਿਰਾਸਾ ॥੭॥ (ਭਾਈ ਗੁਰਦਾਸ ਜੀ, ਵਾਰ ੩੬, ਪਉੜੀ ੭)**
- **ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹਾ ਕਾਰਿ ਨ ਆਈ ॥੧॥ ( ॥੨੨॥)**
**(ਸਲੋਕ ਮ: ੫, ਅੰਗ: ੧੪੨੫)**

ਮਾੜੀ ਸੰਗਤ ਦਾ ਅਸਰ ਵੱਧਦਿਆਂ-ਵੱਧਦਿਆਂ ਕਿਸੇ ਚੰਗੇ ਜਗਿਆਸੂ ਨੂੰ ਵੀ ਚੜ੍ਹਦੀ ਕਲਾ ਤੋਂ ਡੇਗਦਿਆਂ ਢਹਿੰਦੀ ਕਲਾ, ਨਿਘਰਦੀ ਕਲਾ ਵਿਚ ਪਹੁੰਚਾ ਸਕਦਾ ਹੈ। ਆਮ ਗੁਰਸਿੱਖ ਇਸ ਗੁਰਵਾਕ ਨੂੰ ਸੋਹਿਲਾ ਸਾਹਿਬ ਪੜ੍ਹਨ ਤੋਂ ਪਹਿਲਾਂ ਉਚਾਰਦੇ ਹਨ:

- **ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥**
**ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥੧॥**
**(ਗਉੜੀ ਬਾਵਨ ਅਖਰੀ ਮ: ੫, ਅੰਗ: ੨੫੬)**

ਪ੍ਰੰਤੂ ਜੇਕਰ ਮੀਣਿਆਂ/ ਡਿੱਗੇ ਢੱਠਿਆਂ ਦੀ ਸੰਗਤ ਵਿਚ ਪੈ ਗਿਆ ਤਾਂ ਧਰਮਰਾਜ ਦੀ ਕਚਹਿਰੀ ਵਿਚ ਪੇਸ਼ੀ ਭੁਗਤਣੀ ਪਵੇਗੀ। ਕਿੰਨੀ ਸ਼ਰਮਨਾਕ ਹਾਲਤ ਹੈ ਕੁਸੰਗੀਆਂ ਦੀ:

**ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮਰਾਇ ॥੨॥**
(ਮ: ੫, ਅੰਗ: ੯੬੫)
**(Becomes amenable to jurisdiction of Dharmraj.)**

- **ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥**
**ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥...॥੩॥**
**(ਮ: ੧, ਅੰਗ: ੧੨੮੭)**

ਵੀਚਾਰਹੀਣ ਹੋ ਕੇ ਮੰਦੇ ਕੰਮ ਕਰਦਿਆਂ ਮਨ ਵੀ ਅੰਨ੍ਹਾ ਹੁੰਦਾ ਜਾਂਦਾ ਹੈ ਤੇ ਮਨ ਦੇ ਵੀਚਾਰਹੀਣ ਹੋਇਆਂ ਗਿਆਨ ਇੰਦਰੇ ਵੀ ਅੰਨ੍ਹੇ ਹੋ ਜਾਂਦੇ ਹਨ (ਭਾਵ ਅੱਖਾਂ, ਕੰਨ, ਨਾਸਕਾ, ਜਿਹਵਾ ਤੇ ਚਮੜੀ ਵੀ ਮੰਦੇ ਪਾਸੇ ਨੂੰ ਤੁਰ ਪੈਂਦੇ ਹਨ।)

ਜਦੋਂ ਪੱਥਰਾਂ ਦਾ ਬੰਨ੍ਹ (ਪ੍ਰਭੂ ਆਸਰਾ) ਟੁੱਟ ਗਿਆ ਤਾਂ ਚਿੱਕੜ ਲਾਇਆਂ (ਹੋਰ ਝੂਠੇ ਆਸਰੇ ਤੱਕਦਿਆਂ) ਕੁਝ ਨਹੀਂ ਬਣਦਾ।

ਜੋ ਜਗਿਆਸੂ ਕੁਸੰਗਤ ਵਿਚ ਰਲ ਕੇ ਗੁਰੂ ਸਾਹਿਬ ਨਾਲ ਹੋਏ ਮਹਿਦੂਦ (ਲਿਖਤ-ਪਟੇ/ ਸਮਝੌਤੇ) ਦੀਆਂ ਸ਼ਰਤਾਂ (Terms & Conditions) ਦੀ ਉਲੰਘਣਾ ਕਰ ਗਏ ਹੋਣ, ਉਨ੍ਹਾਂ ਲਈ ਇਹ ਜਾਣਨਾ ਜ਼ਰੂਰੀ ਹੈ ਕਿ:

- **ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥**
**ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ ॥**
**ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥**
**ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥**
**ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ**

**ਮੁਕਤਿ ਨ ਪਾਏ ॥੨੨॥ ( ॥੪੦॥੧॥)**
**(ਰਾਮਕਲੀ ਮਃ ੩ ਅਨੰਦੁ, ਅੰਗ: ੯੨੦)**

**• ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ ॥**
**ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ ॥**
**ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ ॥**
**ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥**
**ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ ॥**
**ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ ॥੧੨॥**
**(ਵਾਰ ਮਾਝ ਕੀ ਤਥਾ ਸਲੋਕ ਮਃ ੧, ਅੰਗ: ੧੪੩)**

**• ਸਾਕਤ ਸੰਗੁ ਨ ਕੀਜਈ ਪਿਆਰੇ ਜੇ ਕਾ ਪਾਰਿ ਵਸਾਇ ॥**
**ਜਿਸੁ ਮਿਲਿਐ ਹਰਿ ਵਿਸਰੈ ਪਿਆਰੇ ਸੋੁ ਮੁਹਿ ਕਾਲੈ ਉਠਿ ਜਾਇ ॥...॥੫॥ ( ॥੮॥੨॥)**
**(ਸੋਰਠਿ ਮਃ ੫, ਅੰਗ: ੬੪੧)**

ਹੋ ਸਕਦਾ ਹੈ ਕਿ ਕੋਈ ਵੀ ਸੱਜਣ ਗੁਰ ਦੀਖਿਅਤ ਹੋਣ ਉਪਰੰਤ ਕਿਸੇ ਢਲਿਆਈ ਕਾਰਨ ਕੁਸੰਗਤ ਦੇ ਅੜਿੱਕੇ ਚੜ੍ਹ ਕੇ ਬੇਮੁਖਤਾ ਵੱਲ ਵੱਧ ਰਿਹਾ ਹੋਵੇ। ਪਹਾੜੀ ਰਸਤਾ ਹੋਵੇ, ਬਰਸਾਤ ਦੇ ਮੌਸਮ ਵਿਚ ਕੋਈ ਇਨਸਾਨ ਤਿਲਕ ਕੇ ਖੱਡ ਵਿਚ ਜਾ ਡਿੱਗੇ, ਡੂੰਘੀ ਸੱਟ ਖਾ ਕੇ ਉੱਠਣ ਜੋਗਾ ਨਹੀਂ ਰਹਿੰਦਾ। ਗੁਰਮਤਿ ਦਾ ਮਾਰਗ ਵੀ ਬਿਖੜੀ ਘਾਟੀ ਉਪਰ ਚੜ੍ਹਨ ਵਾਂਗ ਹੈ, ਚੋਰ, ਉਚੱਕੇ, ਸ਼ਿਕਾਰੀ, ਠੱਗ, ਧ੍ਰੋਹੀ ਤੱਤਾਂ ਤੋਂ ਵੀ ਬਚਣਾ ਹੈ।

ਪਹਿਲੇ-ਪਹਿਲ ਸਿਲਾ ਅਲੂਣੀ ਚੱਟਣੀ ਪੈਂਦੀ ਹੈ। ਬਾਅਦ ਵਿਚ (ਬੇਸ਼ੱਕ) ਐਸਾ ਸਵਾਦ ਆਉਂਦਾ ਹੈ ਜਿਸ ਨੂੰ ਲੱਖਾਂ ਮੇਵੇ (ਫਲ) ਵੀ ਨਹੀਂ ਪੁੱਜ ਸਕਦੇ। ਇਸ ਅਧਿਆਤਮਕ ਮਾਰਗ 'ਤੇ ਤੁਰਨ ਲਈ ਹਰ ਪਲ, ਹਰ ਕਦਮ ਸਮਰੱਥ ਗੁਰੂ ਦੀ ਸਹਾਇਤਾ ਨਦਰਿ, ਰਹਿਮਤ, ਮਿਹਰ, ਫ਼ਜ਼ਲ ਦੀ ਸਖ਼ਤ ਲੋੜ ਹੈ।

**• ਉਦਮੁ ਕਰਉ ਕਰਾਵਹੁ ਠਾਕੁਰ ਪੇਖਤ ਸਾਧੂ ਸੰਗਿ ॥...॥੧॥ ( ॥੪॥੪॥੧੩੯॥)**
**(ਆਸਾ ਮਃ ੫, ਅੰਗ: ੪੦੫)**

**• ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥...॥੧॥ ( ॥੫॥੫॥)**
**(ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ, ਅੰਗ: ੬੫੮)**

ਨਿਮਖ-ਨਿਮਖ ਗੁਰੂ ਸਾਹਿਬ ਜੀ ਨੂੰ (ਉਨ੍ਹਾਂ ਦੀ ਕਿਰਪਾ ਨਾਲ) ਸਿਮਰਦੇ/ ਧਿਆਉਂਦੇ ਹੋਏ, ਜੋਦੜੀਆਂ ਕਰੀਏ ਕਿ ਕੁਸੰਗਤ ਤੋਂ ਬਚਾਅ ਕੇ ਰੱਖਣ, ਆਪਣੇ ਬਖ਼ਸ਼ੇ ਹੋਏ ਪਿਆਰਿਆਂ ਦੀ ਹੀ ਸੰਗਤ ਵਿਚ ਜੋੜੀ ਰੱਖਣ, ਨਿੱਤਨੇਮ, ਰਹਿਤ ਵਿਚ ਪ੍ਰਪੱਕਤਾ ਬਖ਼ਸ਼ਣ। ਕੁਰਹਿਤਾਂ ਤੋਂ ਸਦੈਵ ਆਪਣੇ ਕਰੜੇ ਹੱਥਾਂ ਨਾਲ ਹੋੜ ਕੇ ਰੱਖਣ। ਗੁਰਮਤਿ ਰਹੁ-ਰਹਿਣੀ (Discipline) ਬਖ਼ਸ਼ਣ। ਸਮੱਗਰ (ਪੂਰਨ) ਗੁਰਬਾਣੀ ਵਿਚ ਸਹਿਜ/ ਸਾਧਾਰਨ ਪਾਠ ਕਰਦਿਆਂ/ ਸੁਣਦਿਆਂ ਜੋ ਜੋ ਹਦਾਇਤਾਂ ਸਮਝ ਵਿਚ ਆਉਣ, ਸਾਵਧਾਨ ਹੋ ਕੇ ਉਨ੍ਹਾਂ 'ਤੇ ਪਹਿਰਾ ਦੇਣ ਲਈ ਯਤਨਸ਼ੀਲ ਹੋਈਏ।

ਧਰਮ ਦੇ ਮਾਰਗ 'ਤੇ ਤੁਰਦਿਆਂ Formality ਨਾ ਕਰੀਏ। ਭਾਵੇਂ ਪਾਠ ਕਰਦੇ ਹਾਂ, ਅਰਦਾਸ ਕਰਦੇ ਹਾਂ, ਕੀਰਤਨ-ਕਥਾ ਕਰਦੇ/ਸੁਣਦੇ ਹਾਂ, ਗੁਰਮੁਖਾਂ-ਸੰਗਤ ਨਾਲ ਵਿਚਰਦੇ ਹਾਂ- Formality ਨਾ ਕਰੀਏ।

ਪਾਠ ਕਰ ਛੱਡਿਆ-ਅਰਦਾਸ ਕਰ ਛੱਡੀ- ਨਿੱਤਨੇਮ ਨਿਬੇੜ ਛੱਡਿਆ। ਸਾਵਧਾਨ ਹੋ ਕੇ ਹੀ ਇਹ ਸਭ ਕੁਝ ਕਰਨ ਵਿਚ ਅਨੰਦ ਹੀ ਨਹੀਂ, ਪਰਮਅਨੰਦ ਆਵੇਗਾ।

ਪੁਰਾਤਨ ਗੁਰਮੁਖ ਰੰਗੁਲੇ ਸੱਜਣ ਅਕਸਰ ਆਪਣੇ ਸੰਗੀ-ਸਾਥੀਆਂ ਨੂੰ ਗੁਰ-ਹੁਕਮ ਕਮਾਉਣ ਪ੍ਰਤੀ ਸੁਚੇਤ ਹੋਣ, ਤੇ ਬਿਵਰਜਿਤ ਕੁਕਰਮਾਂ ਤੋਂ ਹੋੜ ਕੇ ਰੱਖਣ ਲਈ ਸਮੇਂ-ਸਮੇਂ ਤਾੜਨਾ ਕਰਦੇ ਰਹਿੰਦੇ ਸਨ ਜਿਵੇਂ ਕਿ, ਕੋਈ ਵੀ ਬੱਜਰ ਕੁਰਹਿਤ ਹੋਣ ਦੀ ਸੂਰਤ ਵਿਚ ਜਿੰਨੀ ਜਲਦੀ ਹੋ ਸਕੇ, ਪੰਚਾਂ ਅੱਗੇ ਪੇਸ਼ ਹੋ ਕੇ, ਸੱਚਾਈ ਦੱਸ ਕੇ ( ਭੁੱਲ ਜ਼ਾਹਰ ਕਰਕੇ) ਲੱਗੀ ਤਨਖ਼ਾਹ/ ਸੇਵਾ ਨੂੰ ਸਿਰ ਮੱਥੇ ਮੰਨ ਕੇ ਸੁਰਖ਼ਰੂ ਹੋਵੇ। ਕਿਸੇ ਝਿਜਕ ਕਾਰਨ ਜੇ ਪੇਸ਼ੀ ਦੌਰਾਨ ਕੁਝ ਲੁਕਾਈਏ ਜਾਂ ਡਰਦਿਆਂ ਕਦੇ ਪੇਸ਼ ਹੀ ਨਾ ਹੋਈਏ, ਇਸ ਦਾ ਅਸਹਿ ਖ਼ਮਿਆਜ਼ਾ ਭੁਗਤਣਾ ਪੈ ਸਕਦਾ ਹੈ, ਜੇਕਰ ਪਤਿਤ ਹੁੰਦੇ ਹੋਏ ਮੌਤ ਦੇ ਮੂੰਹ ਵਿਚ ਚਲੇ ਗਏ।

ਜੀਵਨ ਵਿਚ ਕੁਝ ਅਜਿਹੇ ਪ੍ਰਾਣੀ ਵੀ ਮਿਲੇ, ਜਿਨ੍ਹਾਂ ਨੂੰ ਇਕ ਅਜੀਬ ਦੁਬਿਧਾ ਸੀ ਕਿ ਪੰਚਾਂ ਦੇ ਸਨਮੁਖ ਦੁਬਾਰਾ ਪੇਸ਼ੀ ਲੈਣ ਵੇਲੇ ਦੱਸੀ ਹੋਈ ਭੁੱਲ ਬਾਰੇ, ਬਾਹਰ ਆ ਕੇ ਕੋਈ ਸੰਗਤ ਵਿਚ ਜ਼ਾਹਰ ਨਾ ਕਰ ਦੇਵੇ।

ਪੁੱਗ ਖਲੋਤੇ ਗੁਰਮੁਖ ਪਿਆਰੇ ਦੱਸਦੇ ਸਨ ਕਿ ਸੀਨਾ-ਬਸੀਨਾ ਚਲੀ ਆ ਰਹੀ ਧੁਰ-ਦਰਗਾਹੀ ਗੁਪਤ ਪਰੰਪਰਾ ਮੁਤਾਬਕ ਗੁਰੂ ਸਾਹਿਬ ਦੇ ਤਾਬਿਆ ਪੰਚਾਂ ਸਨਮੁਖ ਜ਼ਾਹਰ ਕੀਤੀ ਕਿਸੇ ਐਸੀ ਭੁੱਲ ਦਾ ਭੇਦ/ ਜ਼ਿਕਰ ਅੰਦਰ ਤੱਕ ਹੀ ਸੀਮਤ ਰਹਿੰਦਾ ਹੈ। ਬਾਹਰ ਆ ਕੇ ਪੰਚਾਂ ਵਿਚੋਂ ਕੋਈ ਵੀ ਸੱਜਣ, ਸੇਵਾ ਨਿਭਾਉਣ ਉਪਰੰਤ ਇਕੱਲਿਆਂ ਕਦੇ ਵੀ ਸੰਗਤ ਨੂੰ ਨਹੀਂ ਜਣਾਉਂਦਾ। ਇਹ ਖਦਸ਼ਾ ਅੱਜ ਦੇ ਸਮੇਂ ਬਹੁਤ ਸਾਰੇ ਪਤਿਤ ਹੋਏ ਪ੍ਰਾਣੀਆਂ ਨੂੰ ਦੁਬਿਧਾ ਵਿਚ ਪਾ ਕੇ ਰਸਾਤਲ (ਨਰਕਾਂ) ਵੱਲ ਧੂਹਣ ਲਈ ਜ਼ਿੰਮੇਵਾਰ ਹੈ, ਜਿਸ ਵਿਚੋਂ ਕੱਢਣ ਲਈ ਦੇਸ਼-ਵਿਦੇਸ਼ਾਂ ਵਿਚ ਰਹਿੰਦੇ ਸਭ ਗੁਰਸਿੱਖਾਂ ਨੂੰ ਜਾਣੂ ਕਰਵਾਉਣਾ ਬਣਦਾ ਹੈ।

ਗੁਰ-ਦੀਖਿਅਤ ਹੋਣ ਉਪਰੰਤ ਜੋ ਜਗਿਆਸੂ ਭੈ-ਭਾਵਨੀ ਸਹਿਤ ਲੀਹਾਂ ਅੰਦਰ ਚੱਲਦਿਆਂ ਗੁਰਮਤਿ ਕਥਨੀ, ਕਰਨੀ, ਰਹਿਣੀ, ਬਹਿਣੀ ਦੇ ਸੂਰੇ ਹੁੰਦਿਆਂ ਦੈਵੀ ਗੁਣ (ਸਤ, ਸੰਤੋਖ, ਦਇਆ, ਧਰਮ, ਧੀਰਜ, ਨਿਮਰਤਾ, ਖਿਮਾਂ, ਮਿੱਠਾ-ਬੋਲਣ) ਅਪਨਾਉਂਦੇ ਹਨ, ਕਿਸੇ ਦਾ ਦਿਲ ਨਹੀਂ ਦੁਖਾਉਂਦੇ, ਬੱਜਰ ਕੁਰਹਿਤਾਂ ਤੋਂ ਬਚਣ ਲਈ ਸਦਾ ਯਤਨਸ਼ੀਲ-ਸਾਵਧਾਨ ਰਹਿੰਦੇ ਹਨ, ਉਹ ਗੁਰਦੇਵ ਪਿਤਾ ਜੀ ਦੀ ਰਹਿਮਤ ਸਦਕਾ ਜੀਵਨ ਸਫਲ ਕਰ ਜਾਂਦੇ ਹਨ।

**• ਪ੍ਰੀਤਮ ਪ੍ਰੀਤਿ ਬਨੀ ਅਭ ਐਸੀ ਜੋਤੀ ਜੋਤਿ ਮਿਲਾਈ ॥੨॥ ( ॥੮॥੧॥)**
**(ਮਲਾਰ ਮਃ ੧ ਅਸਟਪਦੀਆ ਘਰੁ ੧, ਅੰਗ: ੧੨੭੩)**

**• ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ਹੀ ਸਿਞਾਤਾ ਸਾਈ ॥...॥੧॥ ( ॥੨੨॥)**
**(ਸਲੋਕ ਮਃ ੫, ਅੰਗ: ੧੪੨੫)**

**• ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥...॥੮॥੨॥੯॥**
**(ਆਸਾ ਮਃ ੪, ਅੰਗ: ੪੪੪)**

**• ਦਾਸ ਅਨਿੰਨ ਮੇਰੋ ਨਿਜ ਰੂਪ ॥...॥੧॥ ( ॥੨॥੩॥)**
**(ਸਾਰੰਗ ਬਾਣੀ ਨਾਮਦੇਉ ਜੀ ਕੀ, ਅੰਗ: ੧੨੫੨)**

**• ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥੧੭॥**
**(ਬਿਹਾਗੜੇ ਕੀ ਵਾਰ ਮਃ ੪, ਅੰਗ: ੫੫੫)**

**• ਅਬ ਮੋਹਿ ਜੀਵਨ ਪਦਵੀ ਪਾਈ॥ ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥੧॥ ( ॥੪॥੬॥)**
**(ਮਾਰੂ ਮਃ ੫, ਅੰਗ: ੧੦੦੦)**

**• ਸਫਲ ਸਫਲ ਭਈ ਸਫਲ ਜਾਤ੍ਰਾ॥ ਆਵਣ ਜਾਣ ਰਹੇ ਮਿਲੇ ਸਾਧਾ ॥੧॥ ( ॥੧॥੩॥)**
**(ਧਨਾਸਰੀ ਮਃ ੫ ਘਰੁ ੬ ਅਸਟਪਦੀ, ਅੰਗ: ੬੮੭)**

**• ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥...॥੩੮॥ ( ॥੪੦॥੧॥)**
**(ਰਾਮਕਲੀ ਮਃ ੩ ਅਨੰਦੁ, ਅੰਗ: ੯੨੨)**

ਦਾਸ, ਨਿਮਾਣੇ ਸੇਵਕ ਵਲੋਂ ਲੇਖ ਲਿਖਣ ਦਾ ਇਹੀ ਉਦੇਸ਼ ਹੈ ਕਿ ਸੰਗਤਾਂ ਵਿਚ ਗੁਰ-ਮਰਯਾਦਾ, ਗੁਰ-ਹੁਕਮਾਂ ਪ੍ਰਤੀ ਨਿਰਮਲ-ਭੈਅ ਪੈਦਾ ਹੋਵੇ।

## ਬਾਬਾਣੀਆਂ ਕਹਾਣੀਆਂ...

# ਤੇਰੀ ਘਾਲਿ ਪਰੀ ਅਬਿ ਥਾਇ

**ਬਲਵਿੰਦਰ ਸਿੰਘ 'ਜੌੜਾਸਿੰਘਾ'**

ਸਤਿਗੁਰੂ ਦੀ ਕ੍ਰਿਪਾਲ ਦ੍ਰਿਸ਼ਟੀ, ਇਕ ਬੂੰਦ ਨੂੰ ਮਹਾਨ ਸਾਗਰ ਬਣਾ ਦਿੰਦੀ ਹੈ। ਜਿਨ੍ਹਾਂ ਵੀ ਜੀਵਾਂ 'ਤੇ ਸਤਿਗੁਰੂ ਜੀ ਨੇ ਕਿਰਪਾ ਕੀਤੀ ਉਹ ਨਿਹਾਲ ਹੋ ਗਏ, ਉਨ੍ਹਾਂ ਦੀ ਅਗਿਆਨਤਾ ਖ਼ਤਮ ਹੋ ਗਈ। ਉਹ ਲੋਕ ਤੇ ਪਰਲੋਕ ਦੀ ਵਡਿਆਈ ਪ੍ਰਾਪਤ ਕਰਕੇ ਆਪ ਵੀ ਤਰ ਗਏ ਤੇ ਹੋਰ ਵੀ ਬਹੁਤ ਸਾਰਿਆਂ ਨੂੰ ਤਾਰ ਕੇ ਲੈ ਗਏ। ਅਜਿਹੇ ਗੁਰਸਿੱਖਾਂ ਵਿਚ ਭਾਈ ਸੱਚਨ ਸਚ ਜੀ ਹੋਏ ਹਨ।

ਅਜੋਕੇ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖ਼ੂਪੁਰਾ ਦੀ ਤਹਿਸੀਲ ਸ਼ਰਕਪੁਰ ਦੇ ਪਿੰਡ ਮੰਦਰ ਦਾ ਵਾਸੀ ਇਕ ਸਾਧਾਰਣ ਬ੍ਰਾਹਮਣ, ਸ੍ਰੀ ਗੁਰੂ ਅਮਰਦਾਸ ਜੀ ਦੀ ਮਹਿਮਾ ਸੁਣ ਕੇ ਗੁਰੂ-ਦਰਬਾਰ ਵਿਚ ਹਾਜ਼ਰ ਹੋਇਆ। ਉਹ ਪੜ੍ਹਣ-ਸੁਣਨ ਤੇ ਬੋਲਣ ਦੇ ਢੰਗ, ਮਿਲਣ-ਵਰਤਣ ਤੇ ਲੈਣ-ਦੇਣ ਬਾਰੇ ਕੁਝ ਨਹੀਂ ਜਾਣਦਾ ਸੀ। ਜਾਪ ਜਾਂ ਮੰਤਰ ਆਦਿ ਕੁਝ ਵੀ ਜਪਣ ਦੀ ਸਮਝ ਉਸ ਨੂੰ ਨਹੀਂ ਸੀ। ਭਾਵ ਕਿ ਅਤਿ ਸਿੱਧਾ-ਸਾਦਾ। ਜਾਂਦਿਆਂ ਆਉਂਦਿਆਂ, ਉੱਠਦਿਆਂ, ਬੈਠਦਿਆਂ 'ਸੱਚਨ-ਸਚ' ਸ਼ਬਦ ਬੋਲਦਾ ਰਹਿੰਦਾ ਤੇ ਧਿਆਨ ਸਤਿਗੁਰਾਂ ਵਿਚ ਜੋੜੀ ਰੱਖਦਾ। ਗੁਰੂ ਕੇ ਲੰਗਰ ਲਈ ਰੋਜ਼ਾਨਾ ਲੱਕੜਾਂ ਲਿਆਉਂਦਾ। ਸਿੱਖ ਸੰਗਤ ਉਸ ਨੂੰ ਸੱਚਨ ਸਚ ਨਾਂਅ ਨਾਲ ਹੀ ਬੁਲਾਉਣ ਲੱਗ ਪਈ। ਆਖਾ ਉਹ ਕਦੇ ਵੀ ਕਿਸੇ ਦਾ ਨਾ ਮੋੜਦਾ। ਸੰਗਤ ਉਸ ਦੀ ਸੇਵਾ 'ਤੇ ਖ਼ੁਸ਼ ਹੁੰਦੀ। ਫਿਰ ਜਿਸ ਉੱਤੇ ਸੰਗਤ ਖ਼ੁਸ਼ ਹੋਵੇ ਤੇ ਸਤਿਗੁਰੂ ਜੀ ਵੀ ਮਨੋਂ ਉਸ ਉੱਤੇ ਕਿਰਪਾਲੂ ਹੁੰਦੇ ਸਨ। ਜਿਸ 'ਤੇ ਸਤਿਗੁਰੂ ਜੀ ਰੀਝ ਜਾਣ ਤਾਂ ਸਮਝੋ ਉਸ ਉੱਤੇ ਤਿੰਨਾਂ ਲੋਕਾਂ ਦੇ ਮਾਲਕ ਵਾਹਿਗੁਰੂ ਜੀ ਦਿਆਲੂ ਹੋ ਗਏ। ਜਦੋਂ ਪ੍ਰਭੂ ਜੀ ਰੀਝ ਜਾਣ ਤਾਂ ਤਿੰਨਾਂ ਲੋਕਾਂ ਦੀ ਸੋਝੀ ਆ ਜਾਂਦੀ ਹੈ।

ਭਾਈ ਸੱਚਨ ਸਚ ਸਰੀਰ ਨੂੰ ਢੱਕਣ ਲਈ ਇਕ ਕੰਬਲ ਲੈਂਦਾ ਸੀ ਜਿਸ ਕਰਕੇ ਲੋਕ ਉਸ ਨੂੰ ਭੂਰੇ-ਵਾਲਾ ਵੀ ਆਖਦੇ ਸਨ। ਇਕ ਦਿਨ ਜਦੋਂ ਆਮ ਵਾਂਗ ਗੁਰੂ ਕੇ ਲੰਗਰ ਲਈ ਬਾਲਣ ਲੈਣ ਗਿਆ ਤਾਂ ਇਕ ਪਾਗ਼ਲ ਇਸਤ੍ਰੀ ਜੋ ਨਗਨ ਹਾਲਤ ਵਿਚ ਸੀ ਭਾਈ ਸੱਚਨ ਸਚ ਦੇ ਵੱਲ ਭੱਜੀ ਆਈ। ਇਹ ਹਰੀਪੁਰ ਦੇ ਰਾਜੇ ਦੀ ਨਵ-ਵਿਆਹੀ ਪਤਨੀ ਸੀ ਤੇ ਗੁਰੂ-ਦਰਬਾਰ ਵਿਚ ਘੁੰਡ ਕੱਢ ਕੇ ਸ਼ਾਮਲ ਹੋਈ ਸੀ, ਜਿਸ ਨੂੰ ਵੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਸਹਿਜ-ਸੁਭਾਅ ਬੋਲੇ ਸਨ, 'ਇਹ ਕਮਲੀ ਕਾਹਦੇ ਲਈ ਆਈ ਹੈ ਜੇਕਰ ਇਸ ਨੂੰ ਸਾਡੇ ਦਰਸ਼ਨ ਹੀ ਨਹੀਂ ਭਾਉਂਦੇ।' ਉਹ ਸੁੱਧ-ਬੁੱਧ ਭੁੱਲ ਕੇ ਜੰਗਲਾਂ ਨੂੰ ਭੱਜ ਗਈ ਸੀ। ਉਸ ਨੇ ਸੱਚਨ ਸਚ ਜੀ ਨੂੰ ਫੜ ਲਿਆ ਤੇ ਜ਼ਖ਼ਮੀ ਕਰ ਦਿੱਤਾ। ਭਾਈ ਸੱਚਨ ਸਚ ਜੀ ਜਦੋਂ ਗੁਰੂ



ਦਰਬਾਰ ਪਹੁੰਚੇ ਤਾਂ ਡਰੇ ਹੋਏ ਸਨ। ਸਤਿਗੁਰਾਂ ਨੂੰ ਪਤਾ ਲੱਗਾ ਤਾਂ ਪਾਤਿਸ਼ਾਹ ਨੇ ਆਪਣੀ ਇਕ ਖੜਾਂਵ ਦਿੱਤੀ ਤੇ ਕਿਹਾ, 'ਹੇ ਭਾਈ! ਤੂੰ ਡਰ ਨਾ ਉਹ ਕੋਈ ਬਲਾਅ ਨਹੀਂ ਹੈ। ਹਰੀਪੁਰ ਵਾਲੇ ਰਾਜੇ ਦੀ ਰਾਣੀ ਹੈ ਜੋ ਝੱਲੀ ਹੋ ਗਈ ਸੀ ਫਿਰ ਮਿਲੇ ਤਾਂ ਉਸ ਨੂੰ ਇਹ ਛੁਹਾ ਦੇਵੀਂ, ਉਹ ਰਾਜ਼ੀ ਹੋ ਜਾਵੇਗੀ, ਤੇ ਉਸ ਨੂੰ ਨਾਲ ਹੀ ਲੈ ਆਵੀਂ।' ਅਗਲੇ ਦਿਨ ਭਾਈ ਸੱਚਨ ਸਚ ਮੁੜ ਉਸ ਪਾਸੇ ਜੰਗਲ ਨੂੰ ਲੱਕੜਾਂ ਲੈਣ ਗਏ। ਉਹ ਇਸਤ੍ਰੀ ਦੂਰੋਂ ਵੇਖ ਕੇ ਕੂਕਣ ਲੱਗੀ ਅਤੇ ਦੌੜਦੀ ਹੋਈ ਭਾਈ ਜੀ ਦੇ ਵੱਲ ਵਧੀ। ਜਦੋਂ ਉਹ ਹੱਥ ਮਾਰਨ ਲਈ ਉਛਲੀ ਤਾਂ ਭਾਈ ਸੱਚਨ ਸਚ ਨੇ ਉਸ ਦੇ ਸਿਰ ਵਿਚ ਖੜਾਂਵ ਜੜ ਦਿੱਤੀ। ਗੁਰੂ ਜੀ ਦੀ ਖੜਾਂਅ ਛੂੰਹਦਿਆਂ ਹੀ ਉਸ ਨੂੰ ਸੋਝੀ ਆ ਗਈ ਤੇ ਉਹ ਸਰੀਰ ਨੂੰ ਸੰਭਾਲਦੀ ਬਹਿ ਗਈ। ਆਪਣੀ ਹਾਲਤ ਦੇਖ ਕੇ ਸ਼ਰਮਸਾਰ ਹੋ ਗਈ। ਉਸ ਨੂੰ ਗੁਰੂ ਜੀ ਦੀ ਗੱਲ ਯਾਦ ਆਈ ਕਿ ਗੁਰੂ ਜੀ ਨੇ ਉਸ ਨੂੰ ਕਮਲੀ ਆਖ ਦਿੱਤਾ ਸੀ। ਫਿਰ ਉਹ ਬੋਲੀ, 'ਹੇ ਗੁਰਸਿੱਖ! ਕੋਈ ਕੱਪੜਾ ਦੇ ਤਾਂ ਕਿ ਮੈਂ ਆਪਣਾ ਸਰੀਰ ਕੱਜ ਲਵਾਂ ਅਤੇ ਸਤਿਗੁਰਾਂ ਦੀ ਹਜ਼ੂਰੀ ਵਿਚ ਜਾ ਕੇ ਆਪਣੀ ਭੁੱਲ ਬਖ਼ਸ਼ਾਵਾਂ, ਸਤਿਗੁਰਾਂ ਦੇ ਦਰਸ਼ਨ ਕਰਨ ਨਾਲ ਸਾਰੇ ਦੋਸ਼ ਮਿਟ ਜਾਣਗੇ।' ਭਾਈ ਸੱਚਨ ਸਚ ਜੀ ਨੇ ਆਪਣੀ ਕੰਬਲੀ ਉਸ ਨੂੰ ਦੇ ਦਿੱਤੀ ਅਤੇ ਆਪਣੇ ਨਾਲ ਲੈ ਆਏ। ਜਦੋਂ ਦੋਵੇਂ ਸਤਿਗੁਰਾਂ ਦੇ ਸਨਮੁਖ ਹਾਜ਼ਰ ਹੋਏ ਤਾਂ ਰਹਿਮਤਾਂ ਦੇ ਮਾਲਕ ਦੀ ਕਿਰਪਾ-ਦ੍ਰਿਸ਼ਟੀ ਦੇ ਭੰਡਾਰ ਕੀ ਖੁੱਲ੍ਹੇ, ਭਾਈ ਸੱਚਨ ਸਚ ਦੇ ਭਾਗ ਖੁੱਲ੍ਹ ਗਏ।

ਪ੍ਰਸੰਨ-ਚਿੱਤ ਸਤਿਗੁਰਾਂ ਬਚਨ ਕੀਤਾ, 'ਹੇ ਭਾਈ ਸੱਚਨ ਸਚ ਤੇਰੀ ਘਾਲਣਾ ਸਫਲ ਹੋ ਗਈ ਹੈ। ਹੁਣ ਤੁਸੀਂ ਪਤੀ-ਪਤਨੀ ਬਣ ਕੇ ਇਕ ਥਾਂ 'ਤੇ ਰਹੋ। ਇਸ ਲਈ ਘਰ ਜਾ ਕੇ ਸਤਿਗੁਰੂ ਜੀ ਦਾ ਧਿਆਨ ਧਰੋ:

**ਕ੍ਰਿਪਾ ਕਰੀ ਪੁਨ ਕਹਯੋ ਸੁਨਹੁ ਪਤਿ ਇਸਤ੍ਰੀ ਬਨ ਰਹੁ ਇਕ ਥਾਇ।**
**ਤੇਰੀ ਘਾਲਿ ਪਰੀ ਅਬਿ ਥਾਇ ਸੁ ਮੇਰੇ ਧਯਾਨ ਕਰਹੁ ਘਰ ਜਾਇ ॥੩੪॥**

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ਪਹਿਲੀ, ਅਧਿ: ੩੩)

ਸਤਿਗੁਰਾਂ ਨੇ ਭਾਈ ਸੱਚਨ ਸਚ ਨੂੰ ਮੰਜੀਦਾਰ ਬਣਾਇਆ ਤੇ ਰਹਿਮਤ ਕਰਦਿਆਂ ਕਿਹਾ, 'ਆਪਣੇ ਘਰ ਵਸੇ ਰਹੋ। ਥਾਂ-ਪਰ-ਥਾਂ ਗੁਰਮੁਖ ਮਾਰਗ ਦਾ ਪ੍ਰਕਾਸ਼ ਕਰੋ। ਸਤਿਗੁਰਾਂ ਦੀਆਂ ਰਹਿਮਤਾਂ ਤੇਰੇ ਰਾਹੀਂ ਵਰਸਣਗੀਆਂ:

**ਬਚਨ ਫੁਰਹਿ ਤੁਵ ਬਰ ਜੁ ਸ੍ਰਾਪ ਸਭਿ, ਨਿਜ ਗ੍ਰਹਿ ਬਸਹੁ ਚਿੰਤ ਕਿਤ ਖੋਇ।**
**ਗੁਰਮੁਖ ਪੰਥ ਪ੍ਰਕਾਸ਼ਹੁ ਜਿਤ ਕਿਤ, ਅਜਮਤ ਕਹਤ ਸਹਤ ਭਯੋ ਤਬ ਸੋਇ ॥੩੫॥**

**(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ਪਹਿਲੀ, ਅਧਿ: ੩੩)**

# ਸ੍ਰੀ ਗੁਰੂ ਦਸਮ ਪਾਤਸ਼ਾਹ ਦੀ ਖੰਡੇ ਦੀ ਫ਼ਿਲਾਸਫ਼ੀ



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

ਉਹ ਕਿਹੜੀ ਕ੍ਰਿਸ਼ਮੇ ਵਾਲੀ ਕਉਤਕ-ਕਲਾ ਹੈ ਜਿਸ ਨੇ ਕਿ ਅੰਗ ਅੰਗ ਜੁਦਾ ਹੁੰਦਿਆਂ ਭਾਈ ਮਨੀ ਸਿੰਘ ਜੀ ਨੂੰ ਅਤੇ ਚਰਖੜੀ ਉਤੇ ਚੜ੍ਹ ਕੇ ਜਰਖੜੇ ਜਾਂਦੇ ਭਾਈ ਸੁਬੇਗ ਸਿੰਘ ਜੀ ਆਦਿਕ ਨੂੰ ਸੀ ਤੱਕ ਉਚਾਰਨ ਦਾ ਫ਼ੁਰਨਾ ਨਹੀਂ ਫ਼ੁਰਨ ਦਿੱਤਾ ? ਇਹ ਕੇਵਲ ਉਹੋ ਪੱਕ ਚੁੱਕੀ ਪ੍ਰਬਲ ਨਾਮ ਮਹਾਂ ਰਸ ਦੀ ਲਿਵਤਾਰ ਹੈ। ਇਹ ਮਹਾਂ-ਅਨੰਦ-ਰਸੀ ਗੰਭੀਰਤਾ ਦੀ ਆਤਮ ਮੌਜ ਹੈ। ਇਹ ਚੜ੍ਹਦੀਆਂ ਕਲਾਂ ਵਾਲੀ ਸੂਰਬੀਰਤਾ ਦੀ ਬਿਰਤੀ ਹੈ। ਐਸੀ ਅਤੇ ਐਨ ਇਸ ਪ੍ਰਕਾਰ ਦੀ ਗਤੀ ਪ੍ਰਾਪਤ ਹੋਏ ਬਗੈਰ ਸੱਚਾ ਬੀਰ-ਰਸ ਤੋਂ ਪਰਉਪਕਾਰ ਰਤੰਨਾ ਬੀਰ ਰਸ ਬਣ ਆਉਣਾ ਅਸੰਭਵ ਹੈ। ਏਥੇ ਬੀਰ ਰਸ ਤੇ ਸ਼ਾਂਤ ਰਸ ਅਭੇਦ ਹੈ। ਇਹ ਹੈ ਕਲਗੀਧਰ ਪਾਤਸ਼ਾਹ ਦੀ ਨਾਮ ਖੰਡੇ ਤੇ ਸਰਬ ਲੋਹੀ ਖੰਡੇ ਦੀ ਫ਼ਿਲਾਸਫ਼ੀ, ਜਿਸ ਨੂੰ ਅਹਿੰਸਾਵਾਦੀ ਬੋਧੀ, ਜੈਨੀ ਆਦਿ ਸਮਝਣ ਤੋਂ ਅਸਮਰੱਥ ਹਨ।

ਪਰਉਪਕਾਰ ਦਾ ਨਿਰਭੈ ਪਦ, ਨਾਮ ਮਹਾਂ ਰਸ ਦੀ ਕਮਾਈ ਦਾ ਸਿਖਰਲਾ ਡੰਡਾ ਹੈ। ਏਥੇ ਅੱਪੜ ਕੇ ਹੀ ਪੁਰਸ਼ ਪਰਉਪਕਾਰੀ ਹੋ ਸਕਦਾ ਹੈ ਜਿਨ੍ਹਾਂ ਦੀ ਆਤਮ ਬਿਰਤੀ ਭਜਨ ਬਾਣੀ ਦੇ ਪ੍ਰਤਾਪ ਨਾਲ ਦੇਹ-ਅਧਿਆਸ ਤੋਂ ਰਹਿਤ ਹੋ ਚੁੱਕੀ ਹੈ, ਜਿਨ੍ਹਾਂ ਦੇ ਜੀਵਨ ਆਤਮ-ਬਲ ਦੇ ਤਾਣ ਆਪੇ ਤੋਂ ਉਚੇ ਹੋ ਚੁੱਕੇ ਹਨ, ਜੋ ਨਾਮ ਰਸਾਇਣੀ ਨਸ਼ੇ ਨਾਲ ਖੀਵੇ ਹੋ ਕੇ ਦੇਹੋਂ-ਬਦੇਹ ਹੋ ਚੁੱਕੇ ਹਨ, ਜਿਨ੍ਹਾਂ ਦੀ ਅਮਲੀ ਭਗਤੀ ਕਮਾਈ :-

**ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥**
**ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥੨੦੪॥**
**(ਸਲੋਕ ਕਬੀਰ ਜੀ, ਪੰਨਾ ੧੩੭੫)**

ਦੇ ਵਾਕ ਵਾਲੇ ਭਾਵ ਦੇ ਟਿਕਾਣੇ 'ਤੇ ਪਹੁੰਚ ਚੁੱਕੀ ਹੈ, ਜਿਨ੍ਹਾਂ ਦੇ ਰਗੋ-ਰੇਸ਼ੇ ਅੰਦਰ ਚੜ੍ਹਦੀਆਂ ਕਲਾਂ ਵਾਲਾ ਬੀਰ ਰਸ ਹਰ ਦਮ ਠਾਠਾਂ ਮਾਰ ਉਠਦਾ ਹੈ, ਉਹੀ ਪੁਰਸ਼ ਹੀ ਪਰਉਪਕਾਰੀ ਬਣ ਸਕਦੇ ਹਨ। ਪਰ ਪਰਉਪਕਾਰ ਨਮਿੱਤ ਬੀਰ ਰਸ ਦੇ ਅੰਤਰ-ਆਤਮੇ ਹੋਣ ਤੋਂ ਭਾਵ ਇਹ ਹੈ ਕਿ ਸਾਹਮਣੇ ਦੀਨਾਂ ਦੁਖੀਆਂ ਪਰ ਜ਼ਬਰ ਹੋ ਰਿਹਾ ਹੋਵੇ, ਧਰਮ ਦੀ ਹਾਨੀ ਹੁੰਦੀ ਹੋਵੇ, ਅਨਿਆਉਂ ਅੱਤਿਆਚਾਰ ਹੋ ਰਿਹਾ ਹੋਵੇ, ਉਥੇ ਜਿਸ ਦੇ ਅਗੰਮੀ ਵਲਵਲੇ ਉਠਣ, ਪਰ ਵੈਰ ਵਿਰੋਧ ਤੇ ਕਰੋਧ ਅਹੰਕਾਰ ਦੀ ਅੰਸ ਮਾਤ੍ਰ ਭੀ ਇਨ੍ਹਾਂ ਵਲਵਲਿਆਂ ਵਿਚ ਨਾ ਹੋਵੇ ਤੇ ਇਹ ਵਲਵਲੇ ਤਨ, ਮਨ, ਧਨ ਅਤੇ ਸਰਬੰਸ ਵਾਰ ਦੇਣ ਦਾ ਅਮਲੀ ਜਾਮਾ ਪਹਿਨਾਉਣ ਦੀ ਤਾਰ ਬਰਕੀ ਕਲਾ ਵਰਾ ਦੇਣ, ਤਾਂ ਜਾਣੀਐ ਕਿ ਬੀਰ ਰਸ ਦੀ ਤਾਰ ਕਲਾ ਅੰਦਰ ਵਿਰਦੀ ਹੈ ਤਿਉਂ ਤਿਉਂ ਨਾਮ ਦਾ ਖੰਡਾ ਦੂਣ ਸਵਾਇਆ ਖੜਕਦਾ ਹੈ। ਅੰਦਰ ਇਹ ਨਾਮ ਦਾ ਖੰਡਾ ਖੜਕਦਾ ਹੋਵੇ ਅਤੇ ਬਾਹਰ ਨਿਜ ਭੁਜ ਬਲ ਤੋਂ ਦੁਸ਼ਟਾਂ ਸ਼ਤਰੂਆਂ ਨੂੰ ਦਮਨ ਕਰਨਹਾਰਾ ਸਰਬ ਲੋਹ ਦਾ ਖੜਗ ਖੰਡਾ ਖੜਕਦਾ ਹੋਵੇ ਤੇ ਅੰਦਰਲੀ ਤਾਰ ਨਿਮਖ ਮਾਤ੍ਰ ਵੀ ਨਾ ਟੁੱਟੇ, ਇਹ ਬੀਰ ਰਸ ਮਾਤੇ ਪਰਉਪਕਾਰੀ ਜੋਧੇ ਦੇ ਵਾਸਤਵੀ ਲੱਛਣ ਹਨ। ਏਸ ਅਵਸਥਾ ਪ੍ਰਥਾਇ ਸ੍ਰੀ ਦਸਮੇਸ਼ ਜੀ ਦਾ ਇਹ ਮੁਖਵਾਕ ਕਿਹਾ ਸੁੰਦਰ ਫਬਦਾ ਹੈ :-

**ਸਵੈਯਾ- ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ ॥**
**ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵਸਾਗਰ ਤਾਰੈ ॥**
**ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉ ਉਜੀਆਰੈ ॥**
**ਗਯਾਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ ॥੨੪੯੨॥**

ਪਰਉਪਕਾਰੀ ਬੀਰ ਨੂੰ ਮਰਨ ਕਾਲ ਦਾ ਤ੍ਰਾਸ ਨਹੀਂ, ਮਰ ਮਿਟਣ ਦੀ ਪਰਵਾਹ ਨਹੀਂ। ਲੱਖ ਖੂਹਣੀਆਂ ਦੇ ਮੁਖਾਲਫ਼ ਲਸ਼ਕਰਾਂ ਦਾ ਭੈ ਨਹੀਂ। ਉਹ ਆਪ ਜੀਵਨ-ਮੁਕਤ ਹੈ ਤੇ ਜਿਨ੍ਹਾਂ ਨੂੰ ਤਲਵਾਰ ਦੇ ਘਾਟ ਪਾਰ ਉਤਾਰਦਾ ਹੈ, ਉਨ੍ਹਾਂ ਨੂੰ ਸ਼ਹੀਦੀ ਸ਼ਰਬਤ ਚਖਾਉਂਦਾ ਹੈ ਅਤੇ ਮੁਕਤ ਕਰਾਉਂਦਾ ਹੈ। ਓੜਕ ਆਪ ਭੀ ਸ਼ਹੀਦੀ ਮਰਤਬਾ ਪਾਉਂਦਾ ਹੈ। ਉਸ ਦੇ ਹੱਥੋਂ ਮਰਦਾ ਮਰਾਉਂਦਾ ਕੋਈ ਨਹੀਂ, ਬਲਕਿ ਹਰ ਕੋਈ ਉਸ ਦੀ ਸ੍ਰੀ ਸਾਹਿਬ ਦੀ ਭੇਟਾ ਹੋ ਕੇ ਅਮਰ ਪਦਵੀ ਪਾਉਂਦਾ ਹੈ। ਇਹੀ ਕਾਰਨ ਸੀ ਕਿ ਦੁਸ਼ਮਣ ਦੇ ਦਲ ਵਿਚੋਂ ਜਿਸ ਕਿਸੇ ਨੂੰ ਭੀ ਸ੍ਰੀ ਦਸਮੇਸ਼ ਜੀ ਦਾ ਤੀਰ ਵਿੰਨ੍ਹਦਾ ਸੀ ਉਸ ਨੂੰ ਸੁਆਦ ਆ ਜਾਂਦਾ ਸੀ, ਪੀੜ ਨਹੀਂ ਸੀ ਪ੍ਰਤੀਤ ਹੁੰਦੀ, ਸਗੋਂ ਵਾਹ-ਵਾਹ ਕਰਦਾ ਹੋਇਆ ਅਮਰ ਅਨੰਦੀ ਹੋ ਜਾਂਦਾ ਸੀ, ਭਾਵੇਂ ਹਿੰਦੂ ਹੋਵੇ ਭਾਵੇਂ ਮੁਸਲਮਾਨ। ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਖੰਡੇ ਦਾ ਸ਼ਹੀਦੀ ਰਸ ਚਖ ਕੇ ਵੈਰ ਵਿਰੋਧ ਦੀ ਅਗਨੀ ਨਾਲ ਸੜੇ ਹੋਏ ਹਿਰਦੇ ਭੀ ਸੀਤਲ ਤੇ ਸ਼ਾਂਤ ਹੋ ਜਾਂਦੇ ਸਨ।

ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ੍ਹ ਤੋਂ ਉਤਰ ਗਿਆ ਹੈ, ਨਾਮ ਦਿਆਂ ਰੰਗਾਂ ਸਹਿਤ ਲਾਲੋ-ਲਾਲ ਹਸਮੁੱਖੀ ਚਿਹਰੇ ਦਾ ਸ਼ਾਂਤਮਈ ਨੂਰ ਜਿਉਂ ਕਾ ਤਿਉਂ ਦਗ-ਦਗ ਕਰਦਾ ਹੈ, ਸੀਸ ਧੜ੍ਹ ਦੀ ਬਾਜ਼ੀ ਵਿਚ ਸੁਰਖ਼ਰੂ ਹੋ ਚੁੱਕੇ ਬਾਬੇ ਦਾ ਸੀਸ ਬਾਬੇ ਦੇ ਖੱਬੇ ਹੱਥ ਉਪਰ ਬਿਰਾਜ਼ਮਾਨ ਹੁੰਦਾ ਹੋਇਆ ਸ਼ਹੀਦੀ ਪਿੜ ਦੇ ਖਿਡਾਰੀਆਂ ਦੇ ਹੋਲੇ ਦਾ ਨਜ਼ਾਰਾ ਵੇਖ-ਵੇਖ ਵਿਗਸ ਰਿਹਾ ਹੈ, ਅਤੇ ਸੀਸ ਤੋਂ ਸੱਖਣਾ ਧੜ੍ਹ ਦਹਿਣੀ ਭੁਜ ਬਲ ਦੇ ਸਹਾਰੇ ਖੰਡਾ ਉਲਾਰ-ਉਲਾਰ ਕੇ ਸੈਂਕੜਿਆਂ ਨੂੰ ਪਾਰ ਬੁਲਾ ਰਿਹਾ ਹੈ। ਨਹੀਂ, ਨਹੀਂ ਸ਼ਹੀਦੀ ਦਾ ਸ਼ਰਬਤ ਚਖਾ ਰਿਹਾ ਹੈ ਅਤੇ ਦੂਰ ਤੱਕ ਇਹ ਬਹਾਰ ਬੱਝੀ ਤੁਰੀ ਜਾ ਰਹੀ ਹੈ, ਜਿਸ ਦਾ ਸਾਰ ਇਹ ਨਿਕਲਦਾ ਹੈ ਕਿ ਟਿੱਡੀ ਦਲ ਸ਼ੱਤ੍ਰੂ ਦੀ ਫ਼ੌਜ ਇਕ ਆਨ ਵਿਚ ਖੈਰੂ-ਖੈਰੂ ਹੋ ਜਾਂਦੀ ਹੈ। ਇਸ ਬ੍ਰਿਤਾਂਤ ਦੀ ਗਵਾਹੀ ਇਤਿਹਾਸ ਦੇ ਰਿਹਾ ਹੈ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਨਾਮ ਜੁੱਗਾਂ

ਪ੍ਰਯੰਤ ਦੁਨੀਆ ਉਪਰ ਕਾਇਮ ਰਹੇਗਾ। ਇਹ ਗੁਰੂ-ਘਰ ਦੇ ਪਰਉਪਕਾਰ ਦੇ ਪੁਤਲਿਆਂ ਦੀ ਸੂਰਬੀਰਤਾ ਦਾ ਇਕੋ ਵੰਨਗੀ ਪੂਰਵਕ ਉਦਾਹਰਣ, ਬੀਰ ਰਸੀ ਪਰਉਪਕਾਰ ਦੀ ਸ਼ਾਂਤ ਕਲਾ ਵਾਲੀ ਵਿਵਸਥਾ ਬਨਾਵਟ ਲਈ ਕਾਫ਼ੀ ਤੋਂ ਭੀ ਵਧੀਕ ਹੈ।

ਇਹ ਆਦਰਸ਼ ਹੈ ਬੀਰ ਰਸ ਤੇ ਸ਼ਾਂਤ ਰਸ ਸੰਯੁਕਤੀ ਗੁਰਮਤਿ ਉਪਕਾਰ ਦਾ। ਇਸ ਤੋਂ ਸਾਫ਼ ਸਿੱਟਾ ਨਿਕਲਦਾ ਹੈ ਕਿ ਕੇਵਲ ਦੇਹੋਂ ਬਿਦੇਹ ਹੋ ਕੇ ਸੀਸ ਤਲੀ 'ਤੇ ਰੱਖਣ ਵਾਲੇ ਅਤੁੱਟ ਲਿਵਤਾਰ ਦੇ ਧਨੀ ਗੁਰਮੁਖ ਪਿਆਰੇ ਹੀ ਪਰਉਪਕਾਰੀ, ਬੀਰ ਰਸੀਏ, ਬਿਬੇਕੀ ਜਨ ਬਣ ਸਕਦੇ ਹਨ, ਜਿਨ੍ਹਾਂ ਦੀ ਲਿਵ ਐਨੀ ਪੱਕ ਚੁੱਕੀ ਹੋਵੇ ਕਿ ਅਸਹਿ ਕਸ਼ਟਾਂ ਦੇ ਮਿਲਣ ਪਰ ਭੀ ਨਾ ਟੁੱਟੇ ਅਤੇ ਨੂਰੀ ਮੱਥੇ ਦਾ ਖਿੜਾ ਉਤੇ ਅੰਤ੍ਰੀਵ ਸ਼ਾਂਤ ਰਸ ਜਿਉਂ ਕਾ ਤਿਉਂ ਬਣਿਆ ਰਹੇ। ਉਹ ਕੀ ਤਾਕਤ ਹੈ, ਜਿਸ ਨੇ ਸੀਸ ਦੀਆਂ ਖੋਪਰੀਆਂ ਉਤਾਰਦਿਆਂ ਹੋਇਆਂ ਭੀ ਭਾਈ ਤਾਰੂ ਸਿੰਘ ਜਿਹੇ ਸੂਰਬੀਰ ਸ਼ਾਂਤ ਰਸ ਦੇ ਪੁਤਲਿਆਂ ਨੂੰ ਅਡੋਲ ਰੱਖਿਆ? ਉਹ ਕਿਹੜੀ ਸ਼ਕਤੀ ਹੈ ਕਿ ਜਿਸ ਨੇ ਦੂਲੇ ਭਾਈ ਵੀਰ ਸਿੰਘ ਨੌਂਰੰਗਾਬਾਦੀਏ ਨੂੰ ਦੜਾ ਦੜ ਪੈਂਦੀਆਂ ਤੋਪਾਂ ਦੇ ਬੁਛਾੜ ਵਿਚ ਪਹਾੜ ਦੀ ਨਿਆਈਂ ਅਚੱਲ ਤੇ ਅਹਿੱਲ ਸਮਾਧੀ ਵਿਚ ਇਸਥਿਤ ਬਠਾਈ ਰੱਖਿਆ? ਉਹ ਕਿਹੜੀ ਅਗੰਮੀ ਕਲਾ ਹੈ ਜਿਸ ਨੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰੇ ਜਾਂਦਿਆਂ ਤੇ ਭਾਈ ਦਿਆਲਾ ਜੀ ਨੂੰ ਤਪਦੇ ਕੜਾਹੇ ਵਿਚ ਉਬਲਦਿਆਂ, ਸਮਾਨ ਬਿਰਤ ਤੇ ਕਸ਼ਟ ਮਹਿਸੂਸ ਕਰਨੋਂ ਰਹਿਤ ਰੱਖਿਆ? ਉਹ ਕਿਹੜੀ ਕ੍ਰਿਸ਼ਮੇ ਵਾਲੀ ਕਉਤਕ-ਕਲਾ ਹੈ ਜਿਸ ਨੇ ਕਿ ਅੰਗ ਅੰਗ ਜੁਦਾ ਹੁੰਦਿਆਂ ਭਾਈ ਮਨੀ ਸਿੰਘ ਜੀ ਨੂੰ ਅਤੇ ਚਰਖੜੀ ਉਤੇ ਚੜ੍ਹ ਕੇ ਜਰਖੜੇ ਜਾਂਦੇ ਭਾਈ ਸੁਬੇਗ ਸਿੰਘ ਜੀ ਆਦਿਕ ਨੂੰ ਸੀ ਤੱਕ ਉਚਾਰਨ ਦਾ ਫ਼ੁਰਨਾ ਨਹੀਂ ਫ਼ੁਰਨ ਦਿੱਤਾ? ਇਹ ਕੇਵਲ ਉਹੋ ਪੱਕ ਚੁੱਕੀ ਪ੍ਰਬਲ ਨਾਮ ਮਹਾਂ ਰਸ ਦੀ ਲਿਵਤਾਰ ਹੈ। ਇਹ ਮਹਾਂ-ਅਨੰਦ-ਰਸੀ ਗੰਭੀਰਤਾ ਦੀ ਆਤਮ ਮੌਜ ਹੈ। ਇਹ ਚੜ੍ਹਦੀਆਂ ਕਲਾਂ ਵਾਲੀ ਸੂਰਬੀਰਤਾ ਦੀ ਬਿਰਤੀ ਹੈ। ਇਹ ਦੁੱਖ ਸੁੱਖ ਸਮ ਕਰ ਜਾਨਣ ਵਾਲੀ ਸੱਚੀ ਸ਼ਾਂਤ-ਸਮਾਈ ਹੈ। ਇਹ ਆਤਮ ਰੰਗਾਂ ਦੀ ਉਚੀ ਵਿਵਸਥਾ ਹੈ। ਇਹ ਸੱਚੀ ਭੈ-ਭਾਵਨੀ ਤੋਂ ਉਪੰਨਾ ਨਿਰਭੈ ਪਦ ਹੈ। ਐਸੀ ਅਤੇ ਐਨ ਇਸ ਪ੍ਰਕਾਰ ਦੀ ਗਤੀ ਪ੍ਰਾਪਤ ਹੋਏ ਬਗੈਰ ਸੱਚਾ ਬੀਰ-ਰਸ ਤੋਂ ਪਰਉਪਕਾਰ ਰਤੰਨਾ ਬੀਰ ਰਸ ਬਣ ਆਉਣਾ ਅਸੰਭਵ ਹੈ। ਏਥੇ ਬੀਰ ਰਸ ਤੇ ਸ਼ਾਂਤ ਰਸ ਅਭੇਦ ਹੈ। ਇਹ ਹੈ ਕਲਗੀਧਰ ਪਾਤਸ਼ਾਹ ਦੀ ਨਾਮ ਖੰਡੇ ਤੇ ਸਰਬ ਲੋਹੀ ਖੰਡੇ ਦੀ ਫ਼ਿਲਾਸਫ਼ੀ, ਜਿਸ ਨੂੰ ਅਹਿੰਸਾਵਾਦੀ ਬੋਧੀ, ਜੈਨੀ ਆਦਿ ਸਮਝਣ ਤੋਂ ਅਸਮਰੱਥ ਹਨ।▪▪











# 'ਸੋ ਕਹੀਅਤ ਹੈ ਸੂਰਾ' ਡਿਜ਼ੀਟਲ ਰੂਪ 'ਚ ਪ੍ਰਾਪਤ ਕਰੋ

'ਸੋ ਕਹੀਅਤ ਹੈ ਸੂਰਾ' ਗੁਰਮਤਿ ਮਾਸਿਕ ਪੱਤਰ ਹੁਣ ਡਿਜ਼ੀਟਲ ਰੂਪ ਵਿਚ ਆਪਣਾ ਵਿਸਥਾਰ ਕਰਨ ਜਾ ਰਿਹਾ ਹੈ। ਸੰਸਾਰ ਪੱਧਰ 'ਤੇ ਵਾਤਾਵਰਨ ਵਿਗਾੜ ਨੂੰ ਦੇਖਦਿਆਂ ਕਾਗਜ਼ ਦੀ ਬੱਚਤ ਕਰਨ ਹਿੱਤ, ਡਾਕਘਰਾਂ ਰਾਹੀਂ 'ਸੋ ਕਹੀਅਤ ਹੈ ਸੂਰਾ' ਦੇਰ ਨਾਲ ਪਾਠਕਾਂ ਨੂੰ ਮਿਲਣ ਅਤੇ ਗੁਰਬਾਣੀ ਦੀ ਬੇਅਦਬੀ ਦੇ ਖਦਸ਼ੇ ਆਦਿ ਪਹਿਲੂਆਂ ਦੇ ਮੱਦੇਨਜ਼ਰ ਅਸੀਂ ਹੁਣ ਇਸ ਮਾਸਿਕ ਪੱਤਰ ਦਾ ਡਿਜ਼ੀਟਲ ਰੂਪ ਵਿਚ ਵਿਸਥਾਰ ਕਰਨ ਦਾ ਫ਼ੈਸਲਾ ਕੀਤਾ ਹੈ। ਜਿਹੜੇ ਮੈਂਬਰ 'ਸੋ ਕਹੀਅਤ ਹੈ ਸੂਰਾ' ਡਾਕ ਰਾਹੀਂ ਹੀ ਲੈਣਾ ਚਾਹੁਣਗੇ, ਉਨ੍ਹਾਂ ਨੂੰ ਮਾਸਿਕ ਪੱਤਰ ਉਨ੍ਹਾਂ ਦੀ ਮਰਜ਼ੀ ਅਨੁਸਾਰ ਡਾਕ ਰਾਹੀਂ ਹੀ ਭੇਜਿਆ ਜਾਵੇਗਾ, ਪਰ ਜਿਹੜੇ ਮੈਂਬਰ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਹਰ ਮਹੀਨੇ ਸਮੇਂ ਸਿਰ 'ਸੋ ਕਹੀਅਤ ਹੈ ਸੂਰਾ' ਦਾ ਡਿਜ਼ੀਟਲ ਅੰਕ ਵਟਸਐਪ ਰਾਹੀਂ ਭੇਜਿਆ ਜਾਵੇ, ਉਹ ਕਿਰਪਾ ਕਰਕੇ ਆਪੋ ਆਪਣੇ ਵਟਸਐਪ ਨੰਬਰ ਸਾਡੇ ਵਟਸਐਪ ਨੰਬਰ: 93577-23874 'ਤੇ ਭੇਜਣ ਦੀ ਕਿਰਪਾਲਤਾ ਕਰਨ ਜੀ।




**SO KAHIYAT HAI SOORA is Online available at:**

**1.www.akj.org 2.www.akjmagazine.com**

**3.Face book 4.Whatsapp**

Postal Registration No.CHD/0178/2015-2017

## ਅਖੰਡ ਕੀਰਤਨੀ ਜਥੇ ਵੱਲੋਂ

# ਸ੍ਰੀ ਅਨੰਦਪੁਰ ਸਾਹਿਬ ਵਿਖੇ

# ਸਲਾਨਾ ਹੋਲਾ ਮਹੱਲਾ ਕੇਂਦਰੀ ਅਖੰਡ ਕੀਰਤਨ ਸਮਾਗਮ

## ਮਿਤੀ 21 ਮਾਰਚ 2024 ਤੋਂ 24 ਮਾਰਚ 2024 ਤੱਕ



ਅੰਮ੍ਰਿਤ ਦੇ ਦਾਤੇ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਪਾਰ ਕਿਰਪਾ ਸਦਕਾ ਅਖੰਡ ਕੀਰਤਨੀ ਜਥੇ ਵੱਲੋਂ ਅਖੰਡ ਕੀਰਤਨ ਦੀ ਪੁਰਾਤਨ ਮਰਯਾਦਾ ਦੇ ਅਨੁਸਾਰ ਮਿਤੀ 21 ਮਾਰਚ 2024 ਤੋਂ 24 ਮਾਰਚ 2024 ਤੱਕ ਹੋਲਾ ਮਹੱਲਾ ਦੇ ਖ਼ਾਲਸਈ ਜੋੜ-ਮੇਲੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੇਂਦਰੀ ਅਖੰਡ ਕੀਰਤਨ ਸਮਾਗਮ ਕਰਵਾਏ ਜਾ ਰਹੇ ਹਨ, ਜਿਨ੍ਹਾਂ ਵਿਚ ਦੇਸ਼-ਵਿਦੇਸ਼ ਤੋਂ ਗੁਰਸਿੱਖ ਸੰਗਤਾਂ ਅਤੇ ਕੀਰਤਨੀ ਜਥੇ ਪਹੁੰਚ ਕੇ ਗੁਰਬਾਣੀ ਦੇ ਕੀਰਤਨ ਅਖਾੜੇ ਸਜਾਉਣਗੇ।



ਆਪ ਸਭ ਸੰਗਤਾਂ ਨੂੰ ਦੋਇ ਹਥੁ ਜੋੜ ਕੇ ਸਨਿਮਰ ਬੇਨਤੀ ਹੈ ਕਿ ਹੇਠਾਂ ਦਿੱਤੇ ਵੇਰਵੇ ਅਨੁਸਾਰ ਇਨ੍ਹਾਂ ਸਮਾਗਮਾਂ ਵਿਚ ਸਮੇਂ ਸਿਰ ਪੁੱਜ ਕੇ ਹਰਿ ਜਸੁ ਦੇ ਲਾਹੇ ਪ੍ਰਾਪਤ ਕਰੋ ਜੀ।

## ਕੀਰਤਨ ਸਮਾਗਮ ਵੇਰਵਾ

**21 ਮਾਰਚ 2024, ਦਿਨ ਵੀਰਵਾਰ:** ਅੰਮ੍ਰਿਤ ਵੇਲਾ/ ਕੀਰਤਨ ਸ੍ਰੀ ਆਸਾ ਜੀ ਦੀ ਵਾਰ ਸਵੇਰੇ 04.00 ਵਜੇ ਤੋਂ ਆਰੰਭ, ਉਪਰੰਤ ਸਵੇਰੇ 08.00 ਵਜੇ ਆਰੰਭਤਾ ਸ੍ਰੀ ਅਖੰਡ ਪਾਠ ਸਾਹਿਬ, ਖ਼ਾਲਸਾ ਨਿਵਾਸ, ਨੇੜੇ ਭਾਈ ਬਚਿੱਤਰ ਸਿੰਘ ਯਾਤਰੀ ਨਿਵਾਸ, ਕਿਲ੍ਹਾ ਅਨੰਦਗੜ੍ਹ ਸਾਹਿਬ ਸੜਕ, ਸ੍ਰੀ ਅਨੰਦਪੁਰ ਸਾਹਿਬ ਵਿਖੇ।

**22 ਮਾਰਚ 2024, ਦਿਨ ਸ਼ੁੱਕਰਵਾਰ :** ਕੀਰਤਨ ਸ੍ਰੀ ਆਸਾ ਜੀ ਦੀ ਵਾਰ ਅਤੇ ਦਿਵਸ ਸੁਹੇਲਾ ਸਵੇਰੇ 5.30 ਵਜੇ ਤੋਂ ਦੁਪਹਿਰ 12.00 ਵਜੇ ਤੱਕ, ਗੁਰਦੁਆਰਾ ਸੀਸ ਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ।

**23 ਮਾਰਚ 2024, ਦਿਨ ਸਨਿੱਚਰਵਾਰ :** ਭੋਗ ਸ੍ਰੀ ਅਖੰਡ ਪਾਠ ਸਾਹਿਬ ਅੰਮ੍ਰਿਤ ਵੇਲੇ, ਉਪਰੰਤ ਦਿਵਸ ਸੁਹੇਲਾ ਅਖੰਡ ਕੀਰਤਨ ਬਾਅਦ ਦੁਪਹਿਰ 2.00 ਵਜੇ ਤੱਕ, ਖ਼ਾਲਸਾ ਨਿਵਾਸ, ਨੇੜੇ ਭਾਈ ਬਚਿੱਤਰ ਸਿੰਘ ਯਾਤਰੀ ਨਿਵਾਸ, ਕਿਲ੍ਹਾ ਅਨੰਦਗੜ੍ਹ ਸਾਹਿਬ ਸੜਕ, ਸ੍ਰੀ ਅਨੰਦਪੁਰ ਸਾਹਿਬ ਵਿਖੇ।

## ਖ਼ਾਲਸਾ ਪੰਥ ਦੇ ਜਨਮ ਅਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ

### ਰੈਣਿ ਸਬਾਈ ਅਖੰਡ ਕੀਰਤਨ ਸਮਾਗਮ

**23 ਮਾਰਚ 2024 ਨੂੰ ਸੋਦਰੁ ਉਪਰੰਤ ਰਾਤ 08:00 ਵਜੇ ਆਰੰਭ ਹੋਣਗੇ**

**ਜਿਨ੍ਹਾਂ ਦੀ ਸਮਾਪਤੀ 24 ਮਾਰਚ 2024, ਦਿਨ ਐਤਵਾਰ ਨੂੰ ਅੰਮ੍ਰਿਤ ਵੇਲੇ 2:45 ਵਜੇ ਹੋਵੇਗੀ।**

**ਜ਼ਰੂਰੀ ਬੇਨਤੀਆਂ:**

1. ਲੰਗਰ ਅਤੇ ਰਿਹਾਇਸ਼ ਦਾ ਸਾਰਾ ਪ੍ਰਬੰਧ ਖ਼ਾਲਸਾ ਨਿਵਾਸ, ਨੇੜੇ ਭਾਈ ਬਚਿੱਤਰ ਸਿੰਘ ਯਾਤਰੀ ਨਿਵਾਸ, ਕਿਲ੍ਹਾ ਅਨੰਦਗੜ੍ਹ ਸਾਹਿਬ ਸੜਕ, ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਵੇਗਾ। ਲੋੜ ਅਨੁਸਾਰ ਰਿਹਾਇਸ਼ ਦੇ ਵਧੇਰੇ ਪ੍ਰਬੰਧ ਸ੍ਰੀ ਅਨੰਦਪੁਰ ਸਾਹਿਬ ਵਿਖੇ ਰਹਿਣ ਵਾਲੇ ਸਿੰਘਾਂ ਦੇ ਘਰਾਂ ਵਿਚ ਵੀ ਕੀਤੇ ਜਾਣਗੇ।
2. ਇਹ ਸਾਰੇ ਅਖੰਡ ਕੀਰਤਨ ਸਮਾਗਮ ਗੁਰਮਤਿ ਮਰਯਾਦਾ ਅਨੁਸਾਰ ਕੰਠਾਗਰ ਹੋਣਗੇ। ਲੰਗਰ ਪੁਰਾਤਨ ਸਰਬਲੋਹੀ ਮਰਯਾਦਾ ਅਨੁਸਾਰ ਤਿਆਰ ਹੋਣਗੇ।
3. ਲੋੜ ਅਨੁਸਾਰ ਬਿਸਤਰੇ ਨਾਲ ਲਿਆਉਣ ਦੀ ਕਿਰਪਾਲਤਾ ਕਰਨੀ ਜੀ।

**ਅੰਮ੍ਰਿਤ ਸੰਚਾਰ ਸਮਾਗਮ ਮਿਤੀ 23-3-2024 ਨੂੰ ਸ਼ਾਮ 7 ਵਜੇ ਖਾਲਸਾ ਨਿਵਾਸ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਰੰਭ ਹੋਣਗੇ।**

## ਦਾਸਰੇ: ਅਖੰਡ ਕੀਰਤਨੀ ਜਥਾ, ਸ੍ਰੀ ਅਨੰਦਪੁਰ ਸਾਹਿਬ।

ਫ਼ੋਨ ਨੰਬਰ : 98725-90189, 98780-70008, 98722-80843, 96469-10062, 99883-81739, 98146-77026, 88007-09125, 96942–87320

ਸਹਿਯੋਗੀ: ਮਾਣਯੋਗ ਪ੍ਰਧਾਨ ਸਾਹਿਬ ਅਤੇ ਮੈਂਬਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਜਥੇਦਾਰ/ ਮੈਨੇਜਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ।